# ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ
# ਸਟੀਕ

## ਜਾਪੁ ਸਾਹਿਬ

ਟੀਕਾਕਾਰ - ਸਵਾਮੀ ਹਰਿਨਾਮ ਦਾਸ ਉਦਾਸੀਨ

ਸੰਪਾਦਕ - ਭਜਨ ਸਿੰਘ

ਪ੍ਰਕਾਸ਼ਕ - ਵਿਸ਼ਵ ਨਾਮਧਾਰੀ ਸੰਗਤ

ਸ੍ਰੀ ਭੈਣੀ ਸਾਹਿਬ, ਲਧਿਆਣਾ (ਪੰਜਾਬ)

## ੴ

## ਸਤਿਗੁਰ ਪ੍ਰਸਾਦਿ॥[1]

## ਜਾਪੁ॥[2]

## ਸ੍ਰੀ ਮੁਖਵਾਕ ਪਾ: ੧੦॥[3]

**ਛਪੈ ਛੰਦ॥ ਤ੍ਵ ਪ੍ਰਸਾਦਿ[4]॥**

**ਚੱਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤਿ ਨਹਿਨ ਜਿਹ॥**
**ਰੂਪ ਰੰਗ ਅਰੁ ਰੇਖ ਭੇਖ ਕੋ[5] ਕਹਿ ਨ ਸਕਤ ਕਿਹ॥**
**ਅਚਲ ਮੂਰਤਿ ਅਨੁਭਵ ਪ੍ਰਕਾਸ ਅਮਿਤੋਜ ਕਹਿਜੈ॥**
**ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿਜੈ॥**
**ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ॥**
**ਤ੍ਵ ਸਰਬ ਨਾਮ ਕਥੈ ਕਵਨ? ਕਰਮ ਨਾਮ ਬਰਣਤ ਸੁਮਤ॥੧॥[6]**

---

[1] ਇਹ ਮੰਗਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚੋਂ ਹੀ ਲਿਖਾਰੀ ਨੇ ਲਿਆ ਹੈ ਅਤੇ ਇਹ 'ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥' ਦਾ ਸੰਖੇਪ ਹੈ, ਇਸਦਾ ਅਰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟੀਕੇ ਵਿੱਚ ਵਿਸਥਾਰ ਨਾਲ ਲਿਖਿਆ ਹੋਇਆ ਹੈ, ਇਹ ਮੰਗਲ ਅਸਲ ਥਾਂ ਤੋਂ ਬਦਲਿਆਂ ਸੰਪ੍ਰਦਾਇਕ ਗਿਆਨੀਆਂ ਦੇ ਅਰਥ ਭਰਮ ਦਾ ਉਤਪਾਦਕ ਬਣ ਗਿਆ ਹੋਇਆ ਹੈ, ਜਿਸ ਕਰਕੇ ਵਾਰ-ਵਾਰ ਅਰਥ ਲਿਖਣ ਨਾਲ ਭਰਮ ਵਧਣ ਦਾ ਡਰ ਹੈ। ਇਸ ਵਾਸਤੇ ਜਪੁਜੀ ਦੇ ਆਦਿ ਵਿੱਚੋਂ ਹੀ ਅਰਥ ਸ਼ੁੱਧ ਭਾਸ ਸਕਦਾ ਹੈ।

[2] ਇਹ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪ ਇਕਤ੍ਰਿਤ ਕੀਤੀ ਹੋਈ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਬਾਅਦ ਉਨ੍ਹਾਂ ਦਿਆਂ ਪ੍ਰੇਮੀਆਂ ਨੂੰ ਜਿਹੋ ਜਿਹੀ ਖਿੱਲਰੀ ਹੋਈ ਰਚਨਾ ਮਿਲੀ ਹੈ, ਉਹਨਾਂ ਇੱਕ ਥਾਂ ਲਿਖ ਦਿੱਤੀ ਹੈ। ਨਿਰਗੁਣ ਰੂਪ ਪਰਮੇਸਰ ਦੀ ਉਸਤਤੀ ਹੋਣ ਕਰਕੇ ਇਸਦੀ ਪ੍ਰਕਰਣ ਤੋਟ ਤਾਂ ਦਿਸ ਨਹੀਂ ਸਕਦੀ ਪਰ ਤੋਟ ਥਾਂ ਪਰ ਥਾਂ ਸਾਹਮਣੇ ਆ ਰਹੀ ਹੈ।... ਇਸ ਬਾਣੀ ਦਾ ਨਾਮ 'ਜਪੁ' ਨੂੰ ਮੁੱਖ ਰੱਖ ਕੇ ਹੀ ਲਿਖਿਆ ਗਿਆ ਜਾਪਦਾ ਹੈ।

[3] ਇਸ ਪਾਠ ਤੋਂ ਸਾਫ਼ ਜ਼ਾਹਰ ਹੈ ਕਿ ਇਹ ਲਿਖਾਰੀ ਦੀ ਲਿਖਤ ਹੈ। ਸ੍ਰੀ ਗੁਰੂ ਜੀ ਦੀ ਬਾਣੀ ਉਸ ਨੂੰ ਪ੍ਰਾਪਤ ਹੋਈ ਅਤੇ ਉਸ ਲਿਖ ਦਿੱਤੀ ਹੈ। ਸ੍ਰੀਮਾਨ ਭਾਈ ਮਨੀ ਸਿੰਘ ਜੀ ਨੇ ਸੰਮਤ ੧੭੭੦ ਵਿੱਚ ਬੀੜ ਲਿਖੀ ਹੈ, ਉਸ ਵਿੱਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਇੱਕ ਹੀ ਬੀੜ ਕੀਤੀ ਹੋਈ ਹੈ, ਇਹ ਬੀੜ ਹੁਣ ਰਾਜਾ ਗੁਲਾਬ ਸਿੰਘ ਜੀ ਸੇਠੀ ਦਿਆਂ ਸਪੁੱਤਰਾਂ ਪਾਸ ਹਨੂਮਾਨ ਰੋਡ ਕਨਾਟ ਪਲੇਸ ਦਿੱਲੀ ਵਿੱਚ ਮੌਜੂਦ ਹੈ।

[4] ਇਹ ਮੰਗਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਰਚਨਾ ਮਾਲੂਮ ਹੁੰਦਾ ਹੈ, ਜਿਸ ਦਾ ਅਰਥ 'ਤੇਰੀ ਕਿਰਪਾ ਨਾਲ'।

[5] ਸੂ. ਬ. ਕਾਨ੍ਹ ਸਿੰਘ ਜੀ ਨਾਭਾ ਨੇ 'ਕੋ' ਪਾਠ ਲਿਖਿਆ ਹੈ, ਆਮ ਬੀੜਾਂ ਵਿੱਚ 'ਕੋਊ' ਪਾਠ ਹੈ, ਜੋ ਮਾਤ੍ਰਿਕ ਹਿਸਾਬ ਤੋਂ ਅਸ਼ੁੱਧ ਹੈ।

[6] ਕਵੀ ਨਿਹਾਲ ਸਿੰਘ ਜੀ ਨੇ ਏਸ ਛਪੈ ਦਾ ਨਾਮ 'ਚਕ੍ਰਧਰ' ਅਤੇ ਸੂ. ਬ. ਕਾਨ੍ਹ ਸਿੰਘ ਨਾਭਾ ਜੀ ਨੇ 'ਸਾਰਸ' ਮੰਨਿਆ ਹੈ ਪਰ ਇਹ ਦੋਵੇਂ ਨਾਮ 'ਮੂਰਤਿ' 'ਸਰਬ' 'ਬਰਣ' ਆਦਿਕ ਪਦ ਸੰਸਕ੍ਰਿਤ ਰੂਪਾਂ ਅਨੁਸਾਰ ਨਾ ਮੰਨ ਕੇ ਲੱਛਣ ਥਾਪੇ ਹੋਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਕ੍ਰਿਤ ਅਤੇ ਅਰਬੀ ਦੇ ਮਹਾਨ ਵਿਦਵਾਨ ਸਨ।

*** ੨੫-੧੧-੧੯੭੧ ਦਿਨ ਵੀਰਵਾਰ ਨੂੰ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਲਿਖਣਾ ਆਰੰਭ ਕੀਤਾ।- (ਸਵਾਮੀ ਹਰਿਨਾਮ ਦਾਸ ਉਦਾਸੀਨ)**

*ਭਾਵਾਰਥ:-* ਚਕ੍ਰ, (ਚਿਹਨ) ਲਾਂਛਨ (ਭ੍ਰਿਗੁਲਤਾ) ਅਤੇ (ਵਰਣ) ਆਸ਼੍ਰਮ, ਜਾਤਿ ਅਤੇ ਪਾਤਿ ਵੀ (ਜਿਹ) ਨਹੀਂ ਹੈ। ਜਿਸ ਦਾ ਰੂਪ, ਰੰਗ ਅਤੇ ਰੇਖ ਭੇਖ ਵੀ (ਕਿਹ) ਕਿਸੇ ਤਰ੍ਹਾਂ ਕੋਈ ਕਹਿ ਨਹੀਂ ਸਕਦਾ। ਜਿਸਦਾਚ (ਅਚਲ) ਅਬਿਚਲ (ਮੂਰਤਿ) ਸਰੂਪ ਦਾ (ਅਨੁਭਵ) ਮਨ ਦੇ ਸੂਖ਼ਮ ਭਾਵ ਵਿੱਚ ਹੀ ਪ੍ਰਕਾਸ਼ ਹੈ ਅਤੇ ਜਿਸਦਾ (ਅਮਿਤੋਜ) ਬੇਅੰਤ ਹੀ ਬਲ ਕਿਹਾ ਜਾਂਦਾ ਹੈ। ਜੋ ਕਰੋੜਾਂ ਇੰਦਰਾਂ ਦਾ ਇੰਦਰ ਅਤੇ (ਸਾਹਾਣਿ) ਪਾਤਸ਼ਾਹਾਂ ਦਾ ਪਾਤਸ਼ਾਹ (ਗਣਿਜੈ) ਮੰਨਿਆ ਜਾਂਦਾ ਹੈ। ਜੋ ਤਿੰਨ ਲੋਕਾਂ ਦਾ (ਮਹੀਪ) ਰਾਜਾ ਹੈ, ਜਿਸਨੂੰ ਦੇਵਤੇ, ਮਨੁੱਖ, (ਅਸੁਰ) ਦੈਂਤ, ਜੰਗਲ ਅਤੇ ਤੀਲੇ (ਨੇਤਿ ਨੇਤਿ) ਬੇਅੰਤ ਕਹਿੰਦੇ ਨੇ। ਤੇਰੇ! ਸਾਰੇ ਨਾਮ ਕੌਣ ਕਹਿ ਸਕਦਾ ਹੈ? (ਭਾਵ- ਕੋਈ ਨਹੀਂ)। (ਸੁਮਤ) ਉੱਤਮ ਬੁੱਧੀ ਵਾਲੇ ਕਰਮਾਂ ਅਨੁਸਾਰ ਨਾਂਵਾਂ ਨੂੰ ਕਹਿੰਦੇ ਹਨ॥੧॥

## ਭੁਜੰਗ ਪ੍ਰਯਾਤ ਛੰਦ[੧]॥

**ਨਮਸਤ੍ਵੰ ਅਕਾਲੇ॥ ਨਮਸਤ੍ਵੰ ਕ੍ਰਿਪਾਲੇ॥ ਨਮਸਤੰ[੨] ਅਰੂਪੇ॥ ਨਮਸਤੰ[੩] ਅਨੂਪੇ॥੨॥**

*ਭਾਵਾਰਥ:-* ਹੇ ਕਾਲ ਤੋਂ ਰਹਿਤ ! ਤੈਨੂੰ ਨਮਸਕਾਰ ਹੈ। ਹੇ ਮਿਹਰਬਾਨ! ਤੈਨੂੰ ਨਮਸਕਾਰ ਹੈ। ਹੇ ਰੂਪ ਤੋਂ ਰਹਿਤ! ਨਮਸਕਾਰ ਹੈ। ਹੇ ਉਪਮਾ ਤੋਂ ਰਹਿਤ! ਨਮਸਕਾਰ ਹੈ॥੨॥

**ਨਮਸਤੰ ਅਭੇਖੇ॥ ਨਮਸਤੰ ਅਲੇਖੇ॥ ਨਮਸਤੰ ਅਕਾਏ॥ ਨਮਸਤੰ ਅਜਾਏ॥੩॥**

ਭਾਵਾਰਥ:- ਭੇਖ (ਸ਼ਿੰਗਾਰ, ਲਿਬਾਸ) ਤੋਂ ਰਹਿਤ ਨੂੰ ਨਮਸਕਾਰ ਹੈ। (ਲੇਖੇ) ਹਿਸਾਬ ਤੋਂ ਰਹਿਤ ਨੂੰ ਨਮਸਕਾਰ ਹੈ। (ਅਕਾਏ) ਸਰੀਰ ਤੋਂ ਰਹਿਤ ਨੂੰ ਨਮਸਕਾਰ ਹੈ। (ਜਾਏ[੪]) ਜਨਮ ਤੋਂ ਰਹਿਤ ਨੂੰ ਨਮਸਕਾਰ ਹੈ॥੩॥

**ਨਮਸਤੰ ਅਗੰਜੇ॥ ਨਮਸਤੰ ਅਭੰਜੇ॥ ਨਮਸਤੰ ਅਨਾਮੇ॥ ਨਮਸਤੰ ਅਠਾਮੇ॥੪॥**

*ਭਾਵਾਰਥ:-* (ਗੰਜ) ਮਕਾਨ (ਮੁਹੱਲਾ, ਖਜ਼ਾਨਾ, ਥੇਹ) ਤੋਂ ਰਹਿਤ ਨੂੰ ਨਮਸਕਾਰ ਹੈ। (ਅਭੰਜੇ) ਅਬਿਨਾਸੀ ਨੂੰ ਨਮਸਕਾਰ ਹੈ। ਨਾਮ ਤੋਂ ਰਹਿਤ ਨੂੰ ਨਮਸਕਾਰ ਹੈ। ਥਾਂ ਤੋਂ ਰਹਿਤ ਨੂੰ ਨਮਸਕਾਰ ਹੈ॥੪॥

**ਨਮਸਤੰ ਅਕਰਮੰ॥ ਨਮਸਤੰ ਅਧਰਮੰ॥ ਨਮਸਤੰ ਅਨਾਮੰ॥ ਨਮਸਤੰ ਅਧਾਮੰ॥੫॥**

*ਭਾਵਾਰਥ:-* ਕਰਮਾਂ ਤੋਂ ਰਹਿਤ ਨੂੰ ਨਮਸਕਾਰ ਹੈ। ਧਰਮਾਂ ਤੋਂ ਰਹਿਤ ਨੂੰ ਨਮਸਕਾਰ ਹੈ। ਨਾਮ ਤੋਂ ਰਹਿਤ ਨੂੰ ਨਮਸਕਾਰ ਹੈ। ਘਰ ਤੋਂ ਰਹਿਤ ਨੂੰ ਨਮਸਕਾਰ ਹੈ॥੫॥

**ਨਮਸਤੰ ਅਜੀਤੇ॥ ਨਮਸਤੰ ਅਭੀਤੇ॥ ਨਮਸਤੰ ਅਬਾਹੇ॥ ਨਮਸਤੰ ਅਢਾਹੇ॥੬॥**

---

[੧] ਇਹ ਛੰਦ ਅਰਧ ਭੁਜੰਗ, ਸ਼ੰਖ ਨਾਰੀ ਆਦਿਕ ਨਾਂਵਾਂ ਨਾਲ ਪਿੰਗਲਾ ਤੋਂ ਮਿਲਦਾ ਹੈ। ਦੋ ਯਗਣ 'I SS I SS' ਦੇ ਚਾਰ ਚਰਨਾਂ ਦਾ ਇਹ ਛੰਦ ਹੈ ਪਰ ਛੰਦਾਂਕ *੭* ਦੀਆਂ ਤੁਕਾਂ ਪੂਰਨ ਭੁਜੰਗ ਪ੍ਰਯਾਤ ਦੀਆਂ ਹਨ, ਜਿਸ ਤੋਂ ਮਾਲੂਮ ਪੈਂਦਾ ਹੈ ਲਿਖਾਰੀਆਂ ਨੂੰ ਜੋ ਟੁੱਟਾ ਫੁੱਟਾ ਪਾਠ ਮਿਲਿਆ, ਉਹਨਾਂ ਬਗੈਰ ਕਿਸੇ ਹੋਰ ਸੋਚ ਦੇ ਉਹਨਾਂ ਇਕਤ੍ਰਿਤ ਕਰ ਦਿੱਤਾ ਹੈ। ਉਹਨਾਂ ਆਦਿ ਲਿਖਾਰੀਆਂ ਦੀ ਮਿਹਰ ਸਦਕਾ ਜੀ ਅੱਜ ਇਹ ਮਹਾਨ ਖਜ਼ਾਨਾ ਪ੍ਰਾਪਤ ਹੋਇਆ ਹੈ।

[੨] ਪਾਠ- ਨਮਸਤ੍ਵੰ ਵੀ ਹੈ।

[੩] ਪਾਠ- ਨਮਸਤ੍ਵੰ ਵੀ ਹੈ।

[੪] 'ਜਾਏ' ਸ਼ਬਦ ਦੇ ਪ੍ਰਯਾਯ (ਅ) ਜਗ੍ਹਾ (ੲ) ਮਾਤਾ (ਸ) ਪੁੱਤਰ (ਹ) ਗਏ (ਕ) ਅਜਾਏ- ਵਿਅਰਥ ਆਦਿਕ ਵੀ ਹਨ। ਸੰਪ੍ਰਦਾਇਕ ਗਿਆਨੀ 'ਅਜ+ਆਏ' ਆਦਿਕ ਸੰਧੀਆਂ ਕੱਢ ਕੇ ਵੀ ਅਰਥ ਕਰਦੇ ਹਨ। ਜੋ ਵਿਦਵਾਨਾਂ ਲਈ ਹੀ ਲਾਭਦਾਇਕ ਨੇ, ਜਿਨ੍ਹਾਂ ਟੀਕਾ ਪੜ੍ਹਨਾ ਹੈ ਉਹ ਉਲਝ ਜਾਂਦੇ ਨੇ ਅਤੇ ਅਰਥ ਲੜੀ ਵੀ ਬੇਰਸੀ ਹੋ ਜਾਂਦੀ ਹੈ।

*ਭਾਵਾਰਥ:-* (ਅਜੀਤੇ) ਬਲਵਾਨ ਨੂੰ ਨਮਸਕਾਰ। (ਅਭੀਤੇ) ਨਿਡਰ ਨੂੰ ਨਮਸਕਾਰ। (ਅਬਾਹੇ) ਵੰਗਾਰ ਨਾ ਕਰਨ ਵਾਲੇ ਨੂੰ ਨਮਸਕਾਰ। (ਅਢਾਹੇ) ਨਾ ਜ਼ੋਰ ਹੋਣ ਵਾਲੇ ਨੂੰ ਨਮਸਕਾਰ॥੬॥

**ਨਮਸਤੰ ਅਨੀਲੇ॥ ਨਮਸਤੰ ਅਨਾਦੇ॥ ਨਮਸਤੰ ਅਛੇਦੇ॥ ਨਮਸਤੰ ਅਗਾਧੇ॥੭॥[੧]**

*ਭਾਵਾਰਥ:-* ਨੀਲ (ਵਰਣ) ਰਹਿਤ (ਉੱਜਲ) ਨੂੰ ਨਮਸਕਾਰ। (ਅਨਾਦੀ) ਧੁਰ ਤੋਂ ਚਲੇ ਆ ਰਹੇ ਨੂੰ ਨਮਸਕਾਰ। (ਅਛੇਦੇ) ਦੁੱਖ ਤੋਂ ਰਹਿਤ ਨੂੰ ਨਮਸਕਾਰ। (ਅਗਾਧੇ) ਗੰਭੀਰ ਨੂੰ ਨਮਸਕਾਰ॥੭॥

**ਨਮਸਤੰ ਅਗੰਜੇ॥ ਨਮਸਤੰ ਅਭੰਜੇ॥ ਨਮਸਤੰ ਉਦਾਰੇ॥ ਨਮਸਤੰ ਅਪਾਰੇ॥੮॥**

*ਭਾਵਾਰਥ:-* (ਅਗੰਜੇ) ਅਜਿੱਤ ਨੂੰ ਨਮਸਕਾਰ। (ਅਭੰਜੇ) ਅਵਿਨਾਸ਼ੀ ਨੂੰ ਨਮਸਕਾਰ। (ਉਦਾਰੇ) ਦਾਤੇ ਨੂੰ ਨਮਸਕਾਰ। (ਅਪਾਰੇ) ਬੇਅੰਤ ਨੂੰ ਨਮਸਕਾਰ॥੮॥

**ਨਮਸਤੰ ਸੁ ਏਕੈ॥ ਨਮਸਤੰ ਅਨੇਕੈ॥ ਨਮਸਤੰ ਅਭੂਤੇ ॥ ਨਮਸਤੰ ਅਜੂਪੇ[੨] ॥੯॥**

*ਭਾਵਾਰਥ:-* ਇੱਕ ਉੱਤਮ ਬ੍ਰਹਮ ਨੂੰ ਨਮਸਕਾਰ। ਅਨੇਕ (ਰੂਪਾਂ ਵਾਲੇ) ਨੂੰ ਨਮਸਕਾਰ। (ਅਭੂਤੇ) ਜੀਵ ਅਥਵਾ ਤੱਤ੍ਰ ਰਹਿਤ ਨੂੰ ਨਮਸਕਾਰ। (ਅਜੂਪੇ) ਬੰਧਨ ਤੋਂ ਰਹਿਤ ਨੂੰ ਨਮਸਕਾਰ॥੯॥

**ਨਮਸਤੰ ਨ੍ਰਿਕਰਮੇ॥ ਨਮਸਤੰ ਨ੍ਰਿਭਰਮੇ॥ ਨਮਸਤੰ ਨ੍ਰਿਦੇਸੇ*॥ ਨਮਸਤੰ ਨ੍ਰਿਭੇਸੇ[੩]॥੧੦॥**

*ਭਾਵਾਰਥ:-* ਕਰਮਾਂ ਤੋਂ ਬਿਨਾਂ ਨੂੰ ਨਮਸਕਾਰ। ਭਰਮਾਂ ਤੋਂ ਬਿਨਾਂ ਨੂੰ ਨਮਸਕਾਰ। (ਨ੍ਰਿਦੇਸੇ) ਹੁਕਮ ਨੂੰ ਨਮਸਕਾਰ। ਭੇਖ ਰਹਿਤ ਨੂੰ ਨਮਸਕਾਰ॥੧੦॥

**ਨਮਸਤੰ ਨ੍ਰਿਨਾਮੇ॥ ਨਮਸਤੰ ਨ੍ਰਿਕਾਮੇ॥ ਨਮਸਤੰ ਨ੍ਰਿਧਾਤੇ॥ ਨਮਸਤੰ ਨ੍ਰਿਘਾਤੇ॥੧੧॥**

ਭਾਵਾਰਥ:- ਨਾਮ ਰਹਿਤ ਨੂੰ ਨਮਸਕਾਰ। ਕਾਮ ਰਹਿਤ ਨੂੰ ਨਮਸਕਾਰ। (ਨ੍ਰਿਧਾਤੇ) ਤੱਤ੍ਰ ਰਹਿਤ ਨੂੰ ਨਮਸਕਾਰ। (ਨ੍ਰਿਘਾਤੇ) ਦਾਉ ਪੇਚ ਰਹਿਤ ਨੂੰ ਨਮਸਕਾਰ॥੧੧॥

**ਨਮਸਤੰ ਨ੍ਰਿਧੂਤੇ॥ ਨਮਸਤੰ ਅਭੂਤੇ॥ ਨਮਸਤੰ ਅਲੋਕੇ॥ ਨਮਸਤੰ ਅਸੋਕੇ॥੧੨॥**

*ਭਾਵਾਰਥ:-* (ਧੂਤੇ) ਬੁਰਿਆਈ ਰਹਿਤ ਨੂੰ ਨਮਸਕਾਰ। ਅਸਚਰਜ ਨੂੰ ਨਮਸਕਾਰ। ਨਾ ਦਿਸਣ ਵਾਲੇ ਨੂੰ ਨਮਸਕਾਰ। ਸ਼ੋਕ ਰਹਿਤ ਨੂੰ ਨਮਸਕਾਰ॥੧੨॥

**ਨਮਸਤੰ ਅਤਾਪੇ॥ ਨਮਸਤੰ ਅਥਾਪੇ॥ ਨਮਸਤੰ ਤ੍ਰਿਮਾਨੇ॥ ਨਮਸਤੰ ਨਿਧਾਨੇ॥੧੩॥**

*ਭਾਵਾਰਥ:-* ਤਾਪ ਰਹਿਤ ਨੂੰ ਨਮਸਕਾਰ। (ਅਥਾਪੇ) ਗੱਦੀ ਰਹਿਤ ਨੂੰ ਨਮਸਕਾਰ। (ਤ੍ਰਿਮਾਨ-ਤ੍ਰਾਯਮਾਨ) ਬਚਾਵ ਰੂਪ ਨੂੰ ਨਮਸਕਾਰ। ਖਜ਼ਾਨੇ ਨੂੰ ਨਮਸਕਾਰ॥੧੩॥

**ਨਮਸਤੰ ਅਗਾਹੇ॥ ਨਮਸਤੰ ਅਬਾਹੇ॥ ਨਮਸਤੰ ਤ੍ਰਿਬਰਗੇ॥ ਨਮਸਤੰ ਅਸਰਗੇ॥੧੪॥**

ਭਾਵਾਰਥ:- ਅਵਿਚਾਰ ਨੂੰ ਨਮਸਕਾਰ। ਅਸਹਾਇਕ ਨੂੰ ਨਮਸਕਾਰ। (ਤ੍ਰਿਵਰਗ) ਧਰਮ, ਅਰਥ ਅਤੇ ਕਾਮ ਰੂਪ ਨੂੰ ਨਮਸਕਾਰ। (ਅਸਰਗ) ਨਾ ਮਿਲਣ ਵਾਲੇ (ਨਿਰਲੇਪ) ਨੂੰ ਨਮਸਕਾਰ॥੧੪॥

---

[੧] ਏਸ ਛੰਦ ਦੇ ਤੁਕਾਂਤ ਮਿਲਵੇਂ ਨਾ ਹੋਣ ਕਰ ਕੇ ਇਹ ਸ਼ੰਖ ਨਾਰੀ ਨਹੀਂ ਮਾਲੂਮ ਪੈਂਦਾ, ਭਾਵੇਂ ਸੰਸਕ੍ਰਿਤ ਵਿੱਚ ਵਿਸ਼ਮ ਤੁਕਾਂਤ ਛੰਦਾਂ ਦੀ ਬਹੁਤ ਰਚਨਾ ਮਿਲਦੀ ਹੈ ਪਰ ਬ੍ਰਜ ਭਾਸ਼ਾ ਦੀ ਰਚਨਾ ਵਿੱਚ ਵਿਸ਼ਮ ਤੁਕਾਂਤ ਦਾ ਹੋਣਾ ਇਹਨਾਂ ਛੰਦਾਂ ਵਿੱਚ 'ਦੋਸ਼' ਮੰਨਿਆ ਜਾਂਦਾ ਹੈ।

[੨] ਤੁਕਾਂਤ ਸਮ ਨਹੀਂ ਹਨ।

[੩] ਭਾਸ਼ਾ ਦੇ ਇਨ੍ਹਾਂ ਰੂਪਾਂ ਨਾਲ 'ਯਗਣ' ਨਹੀਂ ਬਣਦਾ, ਜਿਸ ਤੋਂ ਏਹ ਨ੍ਰਿਕ੍ਰਮੇ ਅਤੇ ਨ੍ਰਿਭ੍ਰਮੇ ਰੂਪ ਮੰਨਣੇ ਚਾਹੀਦੇ ਹਨ। ਏਸ ਵਿਚਾਰਧਾਰਾ ਤੋਂ ਇਹ ਵੀ ਮਾਲੂਮ ਪੈਂਦਾ ਹੈ ਕਿ ਸ੍ਰੀ ਗੁਰੂ ਜੀ ਨੇ ਇਹ ਰਚਨਾ ਦੇਵਨਾਗਰੀ ਲਿੱਪੀ ਵਿੱਚ ਹੀ ਲਿਖਵਾਈ ਸੀ, ਜਿਸ ਦਾ ਬਾਅਦ ਵਿੱਚ ਲਿਖਾਰੀਆਂ ਨੇ ਗੁਰਮੁਖੀ ਅੱਖਰਾਂ ਵਿੱਚ ਉਤਾਰਾ ਕੀਤਾ ਹੋਇਆ ਹੈ।

**ਨਮਸਤੰ ਪ੍ਰਭੋਗੇ॥ ਨਮਸਤੰ ਸੁਜੋਗੇ॥ ਨਮਸਤੰ ਅਰੰਗੇ॥ ਨਮਸਤੰ ਅਭੰਗੇ॥੧੫॥**

*ਭਾਵਾਰਥ:-* ਭੋਗ ਰੂਪ ਨੂੰ ਨਮਸਕਾਰ। (ਜੋਗ) ਮੇਲ ਰੂਪ ਨੂੰ ਨਮਸਕਾਰ। ਰੰਗ ਰਹਿਤ ਨੂੰ ਨਮਸਕਾਰ। (ਅਭੰਗੇ) ਪ੍ਰਸੰਨ ਅਥਵਾ ਆਨੰਦ ਰੂਪ ਨੂੰ ਨਮਸਕਾਰ॥੧੫॥

**ਨਮਸਤੰ ਅਗੰਮੇ॥ ਨਮਸਤਸਤ ਰੰਮੇ॥ ਨਮਸਤੰ ਜਲਾਸ੍ਰੇ*॥ ਨਮਸਤੰ ਨਿਰਾਸ੍ਰੇ[1]॥੧੬॥**

*ਭਾਵਾਰਥ:-* (ਅਗੰਮੇ) ਗੰਭੀਰ ਨੂੰ ਨਮਸਕਾਰ। (ਰੰਮੇ) ਸੁਹਣੇ ਨੂੰ ਨਮਸਕਾਰ (ਅਸਤ) ਹੈ। (ਜਲਾਸ੍ਰੇ) ਸਾਗਰ ਨੂੰ ਨਮਸਕਾਰ। ਨਿਰਾਸ਼੍ਯ ਨੂੰ ਨਮਸਕਾਰ॥੧੬॥

**ਨਮਸਤੰ ਅਜਾਤੇ॥ ਨਮਸਤੰ ਅਪਾਤੇ॥ ਨਮਸਤੰ ਅਮਜਬੇ॥ ਨਮਸਤਸਤ ਅਜਬੇ ॥੧੭॥**

*ਭਾਵਾਰਥ:-* ਜਾਤ ਰਹਿਤ ਨੂੰ ਨਮਸਕਾਰ। ਪਾਤ (ਕਤਾਰ, ਪੰਕਤੀ[2]) ਰਹਿਤ ਨੂੰ ਨਮਸਕਾਰ। ਮਜ਼ਹਬ (ਪੰਥ) ਰਹਿਤ ਨੂੰ ਨਮਸਕਾਰ। ਅਸਚਰਜ ਨੂੰ ਨਮਸਕਾਰ॥੧੭॥

**ਅਦੇਸੰ ਅਦੇਸੇ॥ ਨਮਸਤੰ ਅਭੇਸੇ॥ ਨਮਸਤੰ ਨ੍ਰਿਧਾਮੇ॥ ਨਮਸਤੰ ਨ੍ਰਿਬਾਮੇ॥੧੮॥**

*ਭਾਵਾਰਥ:-* ਦੇਸ਼ ਰਹਿਤ ਨੂੰ (ਅਦੇਸੰ) ਨਮਸਕਾਰ। ਭੇਸ ਰਹਿਤ ਨੂੰ ਨਮਸਕਾਰ। ਘਰ ਰਹਿਤ ਨੂੰ ਨਮਸਕਾਰ। ਔਰਤ ਰਹਿਤ ਨੂੰ ਨਮਸਕਾਰ॥੧੮॥

**ਨਮੋ ਸਰਬ ਕਾਲੇ॥ ਨਮੋ ਸਰਬ ਦਯਾਲੇ ॥ ਨਮੋ ਸਰਬ ਰੂਪੇ॥ ਨਮੋ ਸਰਬ ਭੂਪੇ॥੧੯॥**

*ਭਾਵਾਰਥ:-* ਸਭ ਕਾਲ (ਭੂਤ, ਭਵਿੱਖ, ਵਰਤਮਾਨ) ਨੂੰ ਨਮਸਕਾਰ। ਸਭ ਦਿਆਲ ਰੂਪ ਨੂੰ ਨਮਸਕਾਰ। ਸਭ ਰੂਪ ਨੂੰ ਨਮਸਕਾਰ। ਸਭ ਦੇ ਰਾਜੇ ਨੂੰ ਨਮਸਕਾਰ॥੧੯॥

**ਨਮੋ ਸਰਬ ਖਾਪੇ॥ ਨਮੋ ਸਰਬ ਥਾਪੇ॥ ਨਮੋ ਸਰਬ ਕਾਲੇ॥ ਨਮੋ ਸਰਬ ਪਾਲੇ॥੨੦॥**

*ਭਾਵਾਰਥ:-* ਸਾਰਿਆਂ ਨੂੰ (ਖਾਪੇ) ਨਾਸ ਕਰਨ ਵਾਲੇ ਨੂੰ ਨਮਸਕਾਰ। ਸਾਰਿਆਂ ਨੂੰ (ਥਾਪੇ) ਰਚਣਹਾਰ ਨੂੰ ਨਮਸਕਾਰ। ਸਾਰਿਆਂ ਦੇ (ਕਾਲ) ਅੰਤ (ਕਰਨ ਵਾਲੇ) ਨੂੰ ਨਮਸਕਾਰ। ਸਾਰਿਆਂ ਦੇ ਪਾਲਣ ਵਾਲੇ ਨੂੰ ਨਮਸਕਾਰ॥੨੦॥

**ਨਮਸਤਸਤੁ ਦੇਵੈ॥ ਨਮਸਤੰ ਅਭੇਵੈ॥ ਨਮਸਤੰ ਅਜਨਮੇ॥ ਨਮਸਤੰ ਸੁ ਬਨ ਮੇ॥੨੧॥**

*ਭਾਵਾਰਥ:-* (ਦੇਵੈ) ਪ੍ਰਕਾਸ਼ ਰੂਪ (ਦਿਵਯ ਜਯੋਤਿ) ਨੂੰ ਨਮਸਕਾਰ ਹੈ। ਭੇਦ (ਫ਼ਰਕ) ਰਹਿਤ ਨੂੰ ਨਮਸਕਾਰ। ਜਨਮ ਰਹਿਤ ਨੂੰ ਨਮਸਕਾਰ। (ਸੁਬਨ, ਸਭਨ) ਸਾਰਿਆਂ ਵਿੱਚ ਨੂੰ ਨਮਸਕਾਰ॥੨੧॥

---

[1] ਬਹੁਤ ਬੀੜਾਂ ਵਿੱਚ ਇਹ ਤੁਕਾਂ 'ਜਲਾਸਰੇ' ਤੇ 'ਨਿਰਾਸਰੇ' ਰੂਪ ਨਾਲ ਵੀ ਲਿਖੀਆਂ ਮਿਲਦੀਆਂ ਹਨ, ਏਸ ਤਰ੍ਹਾਂ 'ਸ਼ੰਖਸਰੀ' ਛੰਦ ਦਾ ਰੂਪ ਨਹੀਂ ਰਹਿੰਦਾ। ਕਈਆਂ ਬੀੜਾਂ ਵਿੱਚ ਉਪਰੋਕਤ ਹੈ ਪਰ ਉਚਾਰਣ ਓਸਦਾ ਵੀ 'ਜਲਾਸਰੇ' 'ਨਿਰਾਸਰੇ' ਹੀ ਕੀਤਾ ਜਾਂਦਾ ਹੈ। ਮੇਰੀ ਵਿਚਾਰਾਨੁਸਾਰ ਇਹ ਅਨਜਾਣ ਲੋਕਾਂ ਤੋਂ ਉਚਾਰਣ ਸ਼ੁਰੂ ਹੋ ਗਿਆ ਹੈ ਕਿਉਂਕਿ ਉਹਨਾਂ ਨੂੰ ਪੁਰਾਤਨ ਲਿਖਤ ਗੁਰਮੁਖੀ ਦੇ ਪੜ੍ਹਨ ਦਾ ਅਭਿਆਸ ਨਹੀਂ ਸੀ। ਲਿਖਤ ਗੁਰਮੁਖੀ ਵਿੱਚ ਸੱਸੇ ਦੇ ਹੇਠ ਦੀ ਬਿੰਦੂ ਜੋ 'ਸ਼' ਉਚਾਰਨ ਲਈ ਲਾਈ ਜਾਂਦੀ ਸੀ, ਉਹ ਕੇਵਲ ਅੱਖਰ ਦਾ ਪੈਰ ਹੀ ਭਾਰਾ ਕਰ ਦਿੱਤਾ ਜਾਂਦਾ ਸੀ, ਜਿਸਦਾ ਪੈਰ ਦੇ ਰਾਰੇ ਨਾਲ ਬਹੁਤ ਮੁਸਾਹਬਾ ਹੁੰਦਾ ਹੈ ਅਤੇ ਅਵਾਣ ਆਦਮੀ ਉਹਨੂੰ 'ਰਾਰਾ' ਵੀ ਸਮਝ ਸਕਦਾ ਹੈ। ਏਸੇ ਵਜ੍ਹਾ ਨਾਲ ਹੀ ਇਨ੍ਹਾਂ ਸ਼ਬਦਾਂ ਨੂੰ ਵੀ 'ਜਲਾਸ਼ੇ' ਤੇ 'ਨਿਰਾਸ਼ੇ' ਦੀ ਥਾਂ 'ਜਲਾਸਰੇ' ਅਤੇ 'ਨਿਰਾਸਰੇ' ਸਮਝ ਕੇ ਅਵਾਣ ਲਿਖਾਰੀਆਂ ਨੇ ਛੰਦ ਰਚਨਾ ਨੂੰ ਵਿਗਾੜ ਕੇ ਲਿਖ ਰੱਖਿਆ ਹੋਇਆ ਹੈ।

[2] 'ਪੰਕਤੀ' ਸਾਧੂ ਸੰਪ੍ਰਦਾਵਾਂ ਵਿੱਚ ਮੰਨੀ ਜਾਂਦੀ ਹੈ। ਜ਼ਿਆਦਾ ਨਿਰਣਾ ਕਰਨ ਵਾਲਾ ਪੁਰਸ਼ ਉਦਾਸੀਨ ਅਖਾੜਿਆਂ ਵਿੱਚ ਪ੍ਰਵੇਸ਼ ਕਰ ਕੇ ਬਹੁਤ ਛੇਤੀ ਹੀ ਸਮਝ ਸਕਦਾ ਹੈ ਕਿ ਇਹ ਪੰਗਤਾਂ ਵਿੱਚ ਬਹਿਣ ਨਹੀਂ ਦੇਂਦੇ। ਜਿਸ ਤੋਂ ਸ੍ਰੀ ਗੁਰੂ ਜੀ ਦਾ ਰੱਖਿਆ ਹੋਇਆ ਭਾਵ ਤੁਰੰਤ ਹੀ ਜਗਿਆਸੂ ਦੇ ਹਿਰਦੇ ਵਿੱਚ ਆ ਜਾਂਦਾ ਹੈ ਕਿ ਪਰਮੇਸ਼ਰ ਐਸੋ ਪੰਗਤੀ ਝਗੜਿਆਂ ਤੋਂ ਵੀ ਦੂਰ ਹੈ।

**ਨਮੋ ਸਰਬ ਗਉਨੇ॥ ਨਮੋ ਸਰਬ ਭਉਨੇ॥ ਨਮੋ ਸਰਬ ਰੰਗੇ॥ ਨਮੋ ਸਰਬ ਭੰਗੇ॥੨੨॥**

*ਭਾਵਾਰਥ:-* ਸਾਰਿਆਂ ਵਿੱਚ (ਗਉਨੇ) ਜਾਣ ਵਾਲੇ ਨੂੰ ਨਮਸਕਾਰ। ਸਾਰਿਆਂ (ਭਉਨੇ) ਘਰਾਂ ਵਾਲੇ (ਲੋਕਾਂ ਵਾਲੇ) ਨੂੰ ਨਮਸਕਾਰ। ਸਾਰਿਆਂ ਰੰਗਾਂ (ਭਾਵਾਂ) ਵਾਲੇ ਨੂੰ ਨਮਸਕਾਰ। ਸਾਰਿਆਂ ਨੂੰ (ਭੰਗੇ) ਵਿਘਨ ਪਾਉਣ ਵਾਲੇ ਨੂੰ ਨਮਸਕਾਰ॥੨੨॥

**ਨਮੋ ਕਾਲ ਕਾਲੇ॥ ਨਮਸਤਸਤ ਦਯਾਲੇ[1]॥ ਨਮਸਤੰ ਅਬਰਨੇ॥ ਨਮਸਤੰ ਅਮਰਨੇ॥੨੩॥**

*ਭਾਵਾਰਥ:-* (ਕਾਲ) ਵੇਲੇ ਦੇ ਅੰਤ ਕਰਨ ਵਾਲੇ ਨੂੰ ਨਮਸਕਾਰ। ਮਿਹਰਬਾਨ ਨੂੰ ਨਮਸਕਾਰ ਹੈ। (ਅਬਰਨੇ) ਅਕੱਥ ਨੂੰ ਨਮਸਕਾਰ। ਮਰਨ ਰਹਿਤ ਨੂੰ ਨਮਸਕਾਰ॥੨੩॥

**ਨਮਸਤੰ ਜਰਾਰੰ॥ ਨਮਸਤੰ ਕ੍ਰਿਤਾਰੰ॥ ਨਮੋ ਸਰਬ ਧੰਧੇ॥ ਨਮੋਸਤ ਅਬੰਧੇ॥੨੪॥**

*ਭਾਵਾਰਥ:-* (ਜਰਾਰੰ, ਜਰ+ਅਰਿ) ਵ੍ਰਿਧਾਪਨ (ਕਮਜ਼ੋਰੀ) ਦੇ ਵੈਰੀ ਨੂੰ ਨਮਸਕਾਰ। (ਕ੍ਰਿਤਾਰੰ, ਕ੍ਰਿਤ+ਅਰਿ) ਉਤਪਤਿ ਦੇ ਵੈਰੀ ਨੂੰ ਨਮਸਕਾਰ। ਸਾਰਿਆਂ ਕੰਮਾਂ ਵਾਲੇ ਨੂੰ ਨਮਸਕਾਰ। (ਅਬੰਧੰ) ਬੰਧਨ ਰਹਿਤ ਨੂੰ ਨਮਸਕਾਰ ਹੈ॥੨੪॥

**ਨਮਸਤੰ ਨ੍ਰਿਸਾਕੇ॥ ਨਮਸਤੰ ਨ੍ਰਿਬਾਕੇ॥ ਨਮਸਤੰ ਰਹੀਮੇ॥ ਨਮਸਤੰ ਕਰੀਮੇ॥੨੫॥**

*ਭਾਵਾਰਥ:-* (ਸਾਕ) ਸੰਬੰਧ ਰਹਿਤ ਨੂੰ ਨਮਸਕਾਰ। (ਨ੍ਰਿਬਾਕੇ) ਡਰ ਰਹਿਤ ਨੂੰ ਨਮਸਕਾਰ। (ਰਹੀਮੇ) ਰਹਿਮ ਵਾਲੇ ਨੂੰ ਨਮਸਕਾਰ। (ਕਰੀਮੇ) ਕ੍ਰਿਪਾਲੂ ਨੂੰ ਨਮਸਕਾਰ॥੨੫॥

**ਨਮਸਤੰ ਅਨੰਤੇ॥ ਨਮਸਤੰ ਮਹੰਤੇ॥ ਨਮਸਤਸਤ ਰਾਗੇ॥ ਨਮਸਤੰ ਸੁਹਾਗੇ॥੨੬॥**

*ਭਾਵਾਰਥ:-* (ਅਨੰਤੇ) ਬੇਅੰਤ ਨੂੰ ਨਮਸਕਾਰ। (ਮਹੰਤੇ) ਮਹਾਨ ਨੂੰ ਨਮਸਕਾਰ। (ਰਾਗੇ) ਪ੍ਰੇਮ ਰੂਪ ਨੂੰ ਨਮਸਕਾਰ ਹੈ। (ਸੁਹਾਗੇ) ਸੌਭਾਗਿਆ ਅਥਵਾ ਆਨੰਦ ਰੂਪ ਨੂੰ ਨਮਸਕਾਰ ਹੈ॥੨੬॥

**ਨਮੋ ਸਰਬ ਸੋਖੰ॥ ਨਮੋ ਸਰਬ ਪੋਖੰ॥ ਨਮੋ ਸਰਬ ਕਰਤਾ॥ ਨਮੋ ਸਰਬ ਹਰਤਾ॥੨੭॥**

*ਭਾਵਾਰਥ:-* ਸਾਰਿਆਂ ਨੂੰ (ਸੋਖੰ) ਸੁਕਾਉਣ, ਨਾਸ ਕਰਨ ਵਾਲੇ ਨੂੰ ਨਮਸਕਾਰ। ਸਾਰਿਆਂ ਨੂੰ (ਪੋਖੰ) ਪੁਸ਼ਟੀ ਕਰਨ, ਪਾਲਣ ਵਾਲੇ ਨੂੰ ਨਮਸਕਾਰ। ਸਾਰਿਆਂ ਨੂੰ (ਕਰਤਾ) ਪੈਦਾ ਕਰਨ ਵਾਲੇ ਨੂੰ ਨਮਸਕਾਰ। ਸਾਰਿਆਂ ਨੂੰ (ਹਰਤਾ) ਨਾਸ ਕਰਨ ਵਾਲੇ ਨੂੰ ਨਮਸਕਾਰ॥੨੭॥

**ਨਮੋ ਜੋਗ ਜੋਗੇ॥ ਨਮੋ ਭੋਗ ਭੋਗੇ॥ ਨਮੋ ਸਰਬ ਦਿਆਲੇ[2]॥ ਨਮੋ ਸਰਬ ਪਾਲੇ॥੨੮॥**

*ਭਾਵਾਰਥ:-* (ਯੋਗ) ਸਾਧਨ ਦੇ ਯੋਗ ਰੂਪ ਨੂੰ ਨਮਸਕਾਰ। ਭੋਗ ਦੇ ਭੋਗ ਰੂਪ ਨੂੰ ਨਮਸਕਾਰ। ਸਾਰਿਆਂ ਤੇ ਦਿਆਲ ਨੂੰ ਨਮਸਕਾਰ। ਸਾਰਿਆਂ ਨੂੰ ਪਾਲਣ ਵਾਲੇ ਨੂੰ ਨਮਸਕਾਰ॥੨੮॥

**ਚਾਚਰੀ ਛੰਦ॥ ਤ੍ਵ ਪ੍ਰਸਾਦਿ॥**

**ਅਰੂਪ ਹੈਂ॥ ਅਨੂਪ ਹੈਂ॥ ਅਜੂ ਹੈਂ॥ ਅਭੂ ਹੈਂ[3]॥੨੯॥**

*ਭਾਵਾਰਥ:-* ਹੇ ਪਰਮੇਸ਼੍ਵਰ! ਤੂੰ ਰੂਪ ਰਹਿਤ ਹੈਂ। ਉਪਮਾ ਤੋਂ ਬਿਨਾਂ ਹੈਂ। ਜਨਮ ਤੋਂ ਬਿਨਾਂ ਹੈਂ। (ਅਭੂ) ਸਵਾਸ ਤੋਂ ਰਹਿਤ ਹੈਂ॥੨੯॥

**ਅਲੇਖ ਹੈਂ॥ ਅਭੇਖ ਹੈਂ॥ ਅਨਾਮ ਹੈਂ॥ ਅਕਾਮ ਹੈਂ॥੩੦॥**

---

[1] ਇਸ ਤੁਕ ਵਿੱਚ ਛੰਦ ਕਿਰਿਆ ਤੋਂ ਇਕ ਮਾਤਰਾ ਵੱਧ ਹੈ।

[2] ਇਸ ਤੁਕ ਵਿੱਚ ਛੰਦ ਕਿਰਿਆ ਤੋਂ ਇਕ ਮਾਤਰਾ ਵੱਧ ਹੈ।

[3] ਪਾਠ- 'ਅਜ ਹੈਂ' 'ਭਜ ਹੈਂ' ਵੀ ਹੈ।

*ਭਾਵਾਰਥ:-* (ਲੇਖ) ਕਰਮ ਰੇਖ ਤੋਂ ਰਹਿਤ ਹੈਂ। ਭੇਖ ਰਹਿਤ ਹੈਂ। ਨਾਮ ਰਹਿਤ ਹੈਂ। (ਕਾਮ) ਤ੍ਰਿਸ਼ਨਾ, ਕਾਮਨਾ ਰਹਿਤ ਹੈਂ॥੩੦॥

**ਅਧੇ ਹੈਂ॥ ਅਭੇ ਹੈਂ[੧]॥ ਅਜੀਤ ਹੈਂ॥ ਅਭੀਤ ਹੈਂ॥੩੧॥**

*ਭਾਵਾਰਥ:-* ਆਸਰੇ ਤੋਂ ਬਿਨਾ ਹੈਂ। (ਅਭੇ) ਭਿੱਜਣ (ਧਿਜਣ) ਤੋਂ ਬਿਨਾ ਹੈਂ। (ਅਜੀਤ) ਪ੍ਰਬਲ ਹੈਂ। (ਅਭੀਤ) ਨਿਡਰ ਹੈਂ॥੩੧॥

**ਤ੍ਰਿਮਾਨ ਹੈਂ॥ ਨਿਧਾਨ ਹੈਂ॥ ਤ੍ਰਿਬਰਗ ਹੈਂ॥ ਅਸਰਗ ਹੈਂ॥੩੨॥**

*ਭਾਵਾਰਥ:-* (ਤ੍ਰਿ) ਤਿੰਨ (ਦੇਵਤੇ-ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ, ਤਿੰਨ ਗੁਣ, ਤਿੰਨ ਕਾਲ ਕਰਕੇ) (ਮਾਨਯ) ਮੰਨਣ ਯੋਗ ਹੈ। (ਨਿਧਾਨ) ਖਜ਼ਾਨਾ ਰੂਪ, ਧਨ ਰੂਪ ਹੈਂ। ਤਿੰਨ (ਅਰਥ, ਧਰਮ ਅਤੇ ਕਾਮ) ਰੂਪ ਹੈਂ। (ਅਸਰਗ) ਸੰਬੰਧ ਰਹਿਤ ਹੈਂ॥੩੨॥

**ਅਨੀਲ ਹੈਂ॥ ਅਨਾਦਿ ਹੈਂ॥ ਅਜੇ ਹੈਂ॥ ਅਜਾਦਿ ਹੈਂ॥੩੩॥[੨]**

*ਭਾਵਾਰਥ:-* (ਨੀਲ) ਸ਼ਿਆਮ ਵਰਣ ਰਹਿਤ ਹੈਂ। (ਅਨਾਦਿ) ਧੁਰ ਤੋਂ ਤੁਰਿਆ ਆਉਂਦਾ ਮੰਨਿਆ ਜਾਂਦਾ ਹੈ। ਅਜਿੱਤ ਹੈਂ। (ਅਜਾਦਿ) ਮੁਕਤ ਹੈਂ॥੩੩॥

**ਅਜਨਮ ਹੈਂ॥ ਅਬਰਨ ਹੈਂ॥ ਅਭੂਤ ਹੈਂ॥ ਅਭਰਨ ਹੈਂ॥੩੪॥**

*ਭਾਵਾਰਥ:-* ਜਨਮ ਰਹਿਤ ਹੈਂ। (ਜਾਤਿ) ਵਰਣ ਰਹਿਤ ਹੈਂ। ਤੱਤਾਂ ਰਹਿਤ ਹੈਂ। ਪਾਲਣ ਤੋਂ ਬਿਨਾਂ ਹੈਂ॥੩੪॥

**ਅਗੰਜ ਹੈਂ॥ ਅਭੰਜ ਹੈਂ॥ ਅਝੂਝ ਹੈਂ॥ ਅਝੰਝ ਹੈਂ॥੩੫॥**

*ਭਾਵਾਰਥ:-* (ਗੰਜ) ਨਾਸ ਰਹਿਤ ਹੈਂ। (ਭੰਜ) ਟੁੱਟ-ਭੱਜ ਰਹਿਤ ਹੈਂ। ਲੜਾਈ ਰਹਿਤ ਹੈਂ। ਝਗੜਿਆਂ ਤੋਂ ਬਿਨਾਂ ਹੈਂ॥੩੫॥

**ਅਮੀਕ ਹੈਂ॥ ਰਫੀਕ ਹੈਂ॥ ਅਧੰਧ ਹੈਂ॥ ਅਬੰਧ ਹੈਂ॥੩੬॥**

*ਭਾਵਾਰਥ:-* (ਅਮੀਕ) ਗੰਭੀਰ ਹੈਂ। (ਰਫ਼ੀਕ) ਮਿੱਤਰ ਹੈਂ। ਧੰਧਿਆਂ ਬਿਨਾਂ ਹੈਂ। ਬੰਧਨ ਰਹਿਤ ਹੈਂ॥੩੬॥

**ਨ੍ਰਿਬੂਝ ਹੈਂ॥ ਅਸੂਝ ਹੈਂ॥ ਅਕਾਲ ਹੈਂ॥ ਅਜਾਲ ਹੈਂ॥੩੭॥**

*ਭਾਵਾਰਥ:-* ਜੋ ਸਮਝਿਆ ਨਹੀਂ ਜਾ ਸਕਦਾ। ਜੋ ਵੇਖਿਆ ਨਹੀਂ ਜਾ ਸਕਦਾ। ਕਾਲ ਰਹਿਤ। (ਜਾਲ) ਮੋਹ ਰਹਿਤ ਹੈਂ॥੩੭॥

---

[੧] ਸ੍ਰੀ ਦਸਮ ਪਾਤਸ਼ਾਹ ਜੀ ਦੀ ਬਾਣੀ ਵਿੱਚ ਅੰਞਾਣ ਲਿਖਾਰੀਆਂ ਤੋਂ ਕਾਫ਼ੀ ਗੜਬੜ ਹੋਈ ਹੋਈ ਹੈ। ਚਾਚਰੀ ਛੰਦ ਵਰਣਿਕ ਛੰਦਾਂ ਵਿੱਚ ਪਿੰਗਲਾਂ ਵਿੱਚ ਮੰਨਿਆ ਹੋਇਆ ਹੈ। ਏਸ ਨੂੰ ਤ੍ਰਿਵਰਣਿਕ ਛੰਦ 'ੀ ਸ਼ਸ਼' ਰੂਪ ਵਾਲਾ ਮੰਨਿਆ ਹੋਇਆ ਹੈ, ਜੋ ਇਨ੍ਹਾਂ ਤੁਕਾਂ ਤੋਂ ਠੀਕ ਸਿੱਧ ਹੁੰਦਾ ਹੈ। ਸ੍ਰੀਮਾਨ ਸੰਤ ਮੰਗਲ ਸਿੰਘ ਜੀ ਕਵੀ-ਵਰ ਜੀ 'ਗਣ ਪ੍ਰਸਤਾਰ ਚੰਦ੍ਰਿਕਾ' ਵਿੱਚ ਇੱਕ ਨੋਟ ਲਿਖਦੇ ਹਨ, ਜੋ ਇਸ ਤਰ੍ਹਾਂ ਹੈ- "ਔਰ ਜਾਪ ਜੀ ਮੇਂ ਕਹੀਂ ਕਹੀਂ ਚਤੁਰ ਵਰਣਾਤਮਕ ਚਾਚਰੀ ਛੰਦ ਲਿਖਾ ਹੈ, ਪ੍ਰੰਤੂ ਰਾਮਾਵਤਾਰ ਮੇਂ ਔਰ ਕਲਕੀ ਅਵਤਾਰ ਮੇਂ ਸਰਬਤ੍ਰ ਤ੍ਰਿਵਰਣਾਤਮਕ ਹੀ ਚਾਚਰੀ ਛੰਦ ਦੇਖਨੇ ਮੇਂ ਆਯਾ ਹੈ। ਇਸ ਸੇ ਜਾਨ ਪੜਤਾ ਹੈ ਕਿ ਚਾਚਰੀ ਛੰਦ ਕੋ ਚਤੁਰਵਰਣਾਤਮਕ ਲਿਖਨਾ ਯਹ ਕੇਵਲ ਲੇਖਕੋਂ ਕਾ ਪ੍ਰਮਾਦ ਹੈ। ਇ ਲੀਯੇ ਤਿਸ ਚਤੁਰ ਵਰਣਾਤਮਕ ਚਾਚਰੀ ਛੰਦ ਕੋ ਕੋਈ ਔਰ ਛੰਦ ਸਮਝਨਾ ਚਾਹੀਏ। ਸੋ ਭੀ ਸੁਜਾਨ ਛੰਦ ਅਥਵਾ ਸੁਜਾਨ ਛੰਦ ਕਾ ਨਾਮਾਂਤਰ ਜਾਨੋ॥੮॥" (ਗਣ ਪ੍ਰਸਤਾਰ ਚੰਦ੍ਰਿਕਾ, ਸਫ਼ਾ ੧੦੯)

[੨] ਅੰਗ ੩੩ ਤੋਂ ਲੈ ਕੇ ੩੫ ਤੱਕ ਦੋ-ਦੋ ਤੁਕਾਂ ਦਾ ਤੁਕਾਂਤ ਸਮ ਹੈ, ਜੋ ਏਸ ਰਚਨਾ ਤੋਂ ਬਿਨਾਂ ਕਿਸੇ ਕਵੀ ਦੀ ਰਚਨਾ ਵਿੱਚ ਨਹੀਂ ਮਿਲਦਾ।

**ਅਲਾਹ ਹੈਂ॥ ਅਜਾਹ ਹੈਂ॥ ਅਨੰਤ ਹੈਂ॥ ਮਹੰਤ ਹੈਂ॥੩੮॥**

*ਭਾਵਾਰਥ:–* (ਅਲਾਹ) ਲੋਭ ਰਹਿਤ ਹੈਂ । ਜਗ੍ਹਾ ਰਹਿਤ ਹੈਂ। ਬੇਅੰਤ ਰੂਪ ਹੈਂ। (ਮਹੰਤ) ਮਹਾਨ ਆਤਮਾ ਹੈਂ॥੩੮॥

**ਅਲੀਕ ਹੈਂ॥ ਨ੍ਰਿਸਰੀਕ ਹੈਂ[੧]॥ ਨ੍ਰਿਲੰਭ ਹੈਂ॥ ਅਸੰਭ ਹੈਂ॥੩੯॥**

*ਭਾਵਾਰਥ:–* (ਲੀਕ) ਮਰਯਾਦਾ ਤੋਂ ਬਿਨਾਂ ਹੈਂ। ਕਿਸੇ (ਸਰੀਕ) ਹਿੱਸੇਦਾਰ ਤੋਂ ਬਿਨਾਂ ਹੈਂ। ਆਸਰੇ ਤੋਂ ਬਿਨਾਂ ਹੈਂ। (ਸੰਭ) ਬਣਤਰ, ਪੈਦਾਇਸ਼ ਤੋਂ ਬਿਨਾਂ ਹੈਂ॥੩੯॥

**ਅਗੰਮ ਹੈਂ॥ ਅਜੰਮ ਹੈਂ॥ ਅਭੂਤ ਹੈਂ॥ ਅਛੂਤ ਹੈਂ॥੪੦॥**

*ਭਾਵਾਰਥ:–* ਜਿਸ ਵਿੱਚ ਪ੍ਰਵੇਸ਼ ਨਾ ਕੀਤਾ ਜਾ ਸਕੇ (ਅਗਮ) ਹੈਂ। ਜੋ ਜਨਮ ਵਿੱਚ ਨਾ ਆ ਸਕੇ (ਅਜਨਮ) ਹੈਂ। (ਭੂਤ) ਮੌਜੂਦਾਤ ਤੋਂ ਬਿਨਾਂ ਹੈਂ। ਛੂਹਣ ਤੋਂ ਬਿਨਾਂ ਹੈਂ॥੪੦॥

**ਅਲੋਕ ਹੈਂ॥ ਅਸੋਕ ਹੈਂ॥ ਅਕਰਮ ਹੈਂ॥ ਅਭਰਮ ਹੈਂ॥੪੧॥[੨]**

*ਭਾਵਾਰਥ:–* ਦਿਸਦਾ ਨਹੀਂ ਹੈਂ। ਸੋਗ ਤੋਂ ਬਿਨਾਂ ਹੈਂ। ਕਰਮ ਤੋਂ ਬਿਨਾਂ ਹੈਂ। ਭਰਮ ਤੋਂ ਰਹਿਤ ਹੈਂ॥੪੧॥

**ਅਜੀਤ ਹੈਂ॥ ਅਭੀਤ ਹੈਂ॥ ਅਬਾਹ ਹੈਂ॥ ਅਗਾਹ ਹੈਂ॥੪੨॥**

*ਭਾਵਾਰਥ:–* ਬਲਵਾਨ ਹੈਂ। ਨਿਡਰ ਹੈਂ। ਅਸਹਾਇਕ ਅਥਵਾ ਜਿਸਨੂੰ ਕਿਸੇ ਸਹਾਇਕ ਦੀ ਲੋੜ ਨਹੀਂ ਹੈਂ। ਗਿਰਾਵਟ ਤੋਂ ਬਿਨਾਂ ਹੈਂ॥੪੨॥

**ਅਮਾਨ ਹੈਂ॥ ਨਿਧਾਨ ਹੈਂ॥ ਅਨੇਕ ਹੈਂ॥ ਫਿਰ ਏਕ ਹੈਂ[੩]॥੪੩॥**

*ਭਾਵਾਰਥ:–* ਬੇਅੰਦਾਜ਼ ਹੈਂ। ਖਜ਼ਾਨਾ ਹੈਂ। (ਅਨੇਕ) ਜੀਵ ਰੂਪ ਹੈਂ। ਫਿਰ ਬ੍ਰਹਮ ਰੂਪ ਹੈਂ॥੪੩॥

**ਭੁਜੰਗ ਪ੍ਰਯਾਤ ਛੰਦ॥**

**ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥ ਨਮੋ ਦੇਵ ਦੇਵੇ॥ ਅਭੇਖੀ ਅਭੇਵੇ॥੪੪॥**

*ਭਾਵਾਰਥ:–* ਸਾਰਿਆਂ ਦੇ ਅਨੁਮਾਨ ਸਿੱਧ ਹੋਣ ਵਾਲੇ ਨੂੰ ਨਮਸਕਾਰ। ਸਾਰਿਆਂ ਭੰਡਾਰਾਂ ਵਾਲੇ ਨੂੰ ਨਮਸਕਾਰ। ਦੇਵਾਂ ਦੇ ਦੇਵ ਨੂੰ ਵੀ ਨਮਸਕਾਰ ਹੈ । ਭੇਖਾਂ ਰਹਿਤ ਅਤੇ ਅਭੇਵ (ਗੁਪਤ) ਨੂੰ ਨਮਸਕਾਰ॥੪੪॥

**ਨਮੋ ਕਾਲ ਕਾਲੇ॥ ਨਮੋ ਸਰਬ ਪਾਲੇ॥ ਨਮੋ ਸਰਬ ਗਉਣੇ॥ ਨਮੋ ਸਰਬ ਭਉਣੇ[੪]॥੪੫॥**

---

[੧] ਵੇਖੋ ਨੋਟ ਛੰਦ ਅੰਗ ੪੩ ਦਾ।

[੨] ਚਾਚਰੀ ਛੰਦ ਬਾਰੇ ਮਹਾਨ ਕੋਸ਼ ਵਿੱਚ 'ਸੁਧੀ' ਦਾ ਹੀ ਰੂਪ ਲਿਖਿਆ ਹੈ, ਜੋ ਇਸ 'ISSS' ਰੂਪ ਵਾਲਾ ਹੈ। (੨) ਇੱਕ ਯਗਣ 'ISS' ਹੀ ਮੰਨਿਆ ਹੋਇਆ ਹੈ, ਏਸੇ ਨੂੰ ਹੀ ਗਣ ਪ੍ਰਸਤਾਰ ਚੰਦ੍ਰਿਕਾ ਦੇ ਰਚਣਹਾਰ ਨੇ 'ਕਪਾਲੀ' ਲਿਖਿਆ ਹੈ ਅਤੇ ਮਹਾਨ ਕੋਸ਼ ਦੇ ਕਰਤੇ ਨੇ 'ਸ਼ਸ਼ੀ' ਨਾਮ ਦਿੱਤਾ ਹੋਇਆ ਹੈ। (੩) ਪਰ ਏਸ ਛੰਦ ਦੇ ਮੌਜੂਦਾ ਬੀੜ ਵਿੱਚੋਂ "ਨ੍ਰਿਸਰੀਕ ਹੈਂ..... ਅਕਰਮ ਹੈਂ। ਅਭਰਮ ਹੈਂ..... ਫਿਰ ਏਕ ਹੈਂ।" ਪਾਠ ਤੀਜਾ ਅਤੇ ਚੌਥਾ ਰੂਪ ਵੀ ਸਿੱਧ ਕਰਦੇ ਨੇ, ਜੋ 'IISIS' ਅਤੇ 'IIIIS' ਬਣਾਏ ਹਨ। ਇਹਨਾਂ ਵਿੱਚੋਂ 'ਪ੍ਰਿਯਾ' ਨਾਮ ਦਾ ਪਹਿਲਾ ਛੰਦ ਤਾਂ ਪਿੰਗਲ ਗ੍ਰੰਥਾਂ 'ਚੋਂ ਸਾਨੂੰ ਨਹੀਂ ਮਿਲਿਆ, ਕੇਵਲ ਪ੍ਰਸਤਾਰ ਨਾਲ ਹੀ ਸਮਝਿਆ ਜਾ ਸਕਦਾ ਹੈ।

[੩] ਗੁਰਮਤ ਸੁਧਾਕਰ ਵਿੱਚ ਸ. ਬ. ਕਾਨ੍ਹ ਸਿੰਘ ਨਾਭਾ ਜੀ ਨੇ 'ਫਿਰੇਕ ਹੈਂ' ਪਾਠ ਲਿਖਿਆ ਹੈ। ਜੇ ਸ੍ਰ. ਬ. ਕਾਨ੍ਹ ਸੰਘ ਜੀ ਪਾਠਾਂ ਨੂੰ ਮਾਤ੍ਰਿਕ ਕਿਰਿਆਨੁਸਾਰ ਕਰ ਸਕਦੇ ਹਨ ਤਾਂ ਕੀ ਵਜ੍ਹਾ ਹੈ ਕਿ ਹੋਰ ਕਿਉਂ ਨਹੀਂ ਕਰ ਸਕਦੇ?

[੪] 'ਗਉਣੇ' 'ਭਉਣੇ' ਪਾਠਾਂ ਨੂੰ ਜੇ 'ਗੌਣੇ' ਭੌਣੇ' ਲਿਖਿਆ ਜਾਵੇ ਤਾਂ ਹੀ ਸ਼ੰਖ ਨਾਰੀ ਛੰਦ ਅਨੁਸਾਰ ਗਣ ਠੀਕ ਰਹਿ ਸਕਦੇ ਹਨ।

*ਭਾਵਾਰਥ:-* ਕਾਲ ਦੇ ਕਾਲ ਰੂਪ ਨੂੰ ਨਮਸਕਾਰ। ਸਾਰਿਆਂ ਨੂੰ ਪਾਲਣ ਵਾਲੇ ਨੂੰ ਨਮਸਕਾਰ। ਸਾਰਿਆਂ ਵਿੱਚ (ਗਉਣੇ) ਪ੍ਰਵੇਸ਼ ਕਰਨ ਵਾਲੇ ਨੂੰ ਨਮਸਕਾਰ। ਸਾਰਿਆਂ (ਭਉਣੇ) ਭਵਨਾਂ, ਥਾਂਵਾਂ ਵਿੱਚ ਰਹਿਣ ਵਾਲੇ ਨੂੰ ਨਮਸਕਾਰ॥੪੫॥

**ਅਨੰਗੀ ਅਨਾਥੇ॥ ਨ੍ਰਿਸੰਗੀ ਪ੍ਰਮਾਥੇ॥ ਨਮੋ ਭਾਨ ਭਾਨੇ॥ ਨਮੋ ਮਾਨ ਮਾਨੇ॥੪੬॥**

*ਭਾਵਾਰਥ:-* ਜੋ (ਅਨੰਗੀ) ਕਾਮਦੇਵ ਵਾਲਾ ਭਾਵ- ਕਾਮ ਵਾਂਗ ਸੋਹਣੇ ਅਤੇ (ਅਨਾਥੇ) ਸੁਤੰਤਰ ਨੇ। ਜੋ (ਪ੍ਰਮਾਥੇ) ਨਾਸ ਹੋਣ ਤੋਂ (ਨ੍ਰਿਸੰਗੀ) ਨ੍ਰਿਲੇਪ ਹੈ। ਸੂਰਜ ਦੇ ਸੂਰਜ ਨੂੰ ਨਮਸਕਾਰ ਹੈ। (ਮਾਨ) ਤੋਲ ਭਾਵ- ਸੋਚ, ਵਿਚਾਰ ਨਾਲ ਮੰਨੇ ਹੋਏ ਨੂੰ ਨਮਸਕਾਰ ਹੈ॥੪੬॥

**[੧]ਨਮੋ ਚੰਦ੍ਰ ਚੰਦ੍ਰੇ॥ ਨਮੋ ਭਾਨ ਭਾਨੇ॥ ਨਮੋ ਗੀਤ ਗੀਤੇ॥ ਨਮੋ ਤਾਨ ਤਾਨੇ॥੪੭॥**

*ਭਾਵਾਰਥ:-* ਚੰਦ੍ਰਮਾ ਦੇ ਚੰਦ੍ਰਮਾ ਨੂੰ ਨਮਸਕਾਰ ਹੈ। (ਭਾਨ, ਭਾਨੇ) ਤੇਜਮਯਾਂ ਦੇ ਤੇਜ ਨੂੰ ਨਮਸਕਾਰ ਹੈ। ਗੀਤ (ਵਿਸ਼ਨੁਪਦ ਆਦਿਕਾਂ) ਦੇ ਗੀਤ ਰੂਪ ਨੂੰ ਨਮਸਕਾਰ ਹੈ। ਤਾਨ (ਰਾਗਾਂ ਦੇ ਤਾਨ) ਦੇ ਤਾਨ ਰੂਪ ਨੂੰ ਵੀ ਨਮਸਕਾਰ ਹੈ॥੪੭॥

**ਨਮੋ ਨਿਰਤ ਨਿਰਤੇ॥ ਨਮੋ ਨਾਦ ਨਾਦੇ॥ ਨਮੋ ਪਾਨ ਪਾਨੇ॥ ਨਮੋ ਬਾਦ ਬਾਦੇ॥੪੮॥**

*ਭਾਵਾਰਥ:-* (ਨ੍ਰਿਤ) ਨਾਚ ਦੇ ਨਾਚ ਰੂਪ ਨੂੰ ਨਮਸਕਾਰ। (ਨਾਦ) ਆਵਾਜ਼ ਦੇ ਆਵਾਜ਼ ਰੂਪ ਨੂੰ ਨਮਸਕਾਰ। (ਪਾਨ) ਹੱਥ ਭਾਵ- ਨ੍ਰਿਤ ਹਾਵ ਭਾਵ ਦੀ ਮੁਦ੍ਰਾ ਦੇ ਵਿੱਚ ਲੱਗੇ ਹੋਏ ਹੱਥਾਂ ਦੇ ਹੱਥ ਰੂਪ ਨੂੰ ਨਮਸਕਾਰ। ਵਾਜਿਆਂ ਦੇ ਵਾਜੇ ਰੂਪ ਨੂੰ ਨਮਸਕਾਰ॥੪੮॥

**ਅਨੰਗੀ ਅਨਾਮੇ॥ ਸਮਸਤੀ ਸਰੂਪੇ[੨]॥ ਪ੍ਰਭੰਗੀ ਪ੍ਰਮਾਥੇ॥ ਸਮਸਤੀ ਬਿਭੂਤੇ*॥੪੯॥**

*ਭਾਵਾਰਥ:-* ਜੋ ਸਰੀਰ ਤੋਂ ਬਿਨਾਂ ਅਤੇ ਨਾਮ ਤੋਂ ਬਿਨਾਂ ਹੈ। (ਸਮਸਤੀ) ਸਭ ਰੂਪਾਂ ਵਾਲਾ ਹੈ। (ਪ੍ਰਭੰਗੀ) ਨਾਸ ਰਹਿਤ ਹੈ (ਪ੍ਰਮਾਥੇ) ਨਾਸ ਕਰਨ ਵਾਲਾ ਹੈ। ਸਾਰੀ (ਬਿਭੂਤੇ) ਸਮੱਗਰੀ ਵਾਲਾ ਹੈ॥੪੯॥

**ਕਲੰਕੰ ਬਿਨਾ ਨੇ॥ ਕਲੰਕੀ ਸਰੂਪੇ॥ ਨਮੋ ਰਾਜ ਰਾਜੇ॥ ਸ੍ਵਰੰ ਪਰਮ ਰੂਪੇ॥੫੦॥**

*ਭਾਵਾਰਥ:-* ਪਰਮੇਸ਼ਰ ਕਲੰਕ ਤੋਂ ਬਿਨਾਂ ਵੀ ਹੈ ਅਤੇ ਕਲੰਕ ਵਾਲੇ ਸਰੀਰ ਵਾਲਾ ਵੀ ਹੈ। (ਪਰਮ ਰਾਜੇਸ਼੍ਵਰ) ਮਹਾਂ ਚੱਕਰਵਰਤੀ ਰਾਜਾ ਰੂਪ ਨੂੰ ਨਮਸਕਾਰ ਹੈ॥੫੦॥

**ਨਮੋ ਜੋਗ ਜੋਗੇ॥ ਸ੍ਵਰੰ ਪਰਮ ਸਿੱਧੇ॥ ਨਮੋ ਰਾਜ ਰਾਜੇ॥ ਸ੍ਵਰੰ ਪਰਮ ਬ੍ਰਿਧੇ॥੫੧॥**

*ਭਾਵਾਰਥ:-* ਪਰਮ ਯੋਗੇਸ਼੍ਵਰਾਂ (ਜੋਗ) ਲਾਇਕ (ਸਿੱਧੇ) ਪ੍ਰਸਿੱਧ ਨੂੰ ਨਮਸਕਾਰ ਹੈ। ਮਹਾਂ (ਬ੍ਰਿਧੇ) ਵੱਡਿਆਂ ਰਾਜੇਸ਼੍ਵਰਾਂ ਦੇ ਰਾਜੇ ਨੂੰ ਨਮਸਕਾਰ ਹੈ॥੫੧॥

**ਨਮੋ ਸਸਤ੍ਰ ਪਾਣੇ॥ ਨਮੋ ਅਸਤ੍ਰ ਮਾਣੇ॥ ਨਮੋ ਪਰਮ ਗਿਆਤਾ॥ ਨਮੋ ਲੋਕ ਮਾਤਾ॥੫੨॥[੩]**

---

[੧] ਏਸ ਥਾਂ ਤੋਂ ਲੈ ਕੇ ਛੰਦਾਂਕ ੬੧ ਤੱਕ (ਅੰਗ ੫੨ ਦਾ ਛੰਦ ਛੱਡ ਕੇ) ਪੂਰਨ ਸ਼ੁੱਧ ਭੁਜੰਗ ਪ੍ਰਯਾਤ ਛੰਦ ਹੈ ਪਰ ਅੰਞਾਣ ਅਤੇ ਅਨਪੜ੍ਹ ਲਿਖਾਰੀਆਂ ਤੁਕਾਂ ਦੇ ਵਿਚਕਾਹੇ ਹੱਦਾਂ ਦੇ ਕੇ ਦੋ-ਦੋ ਦੀਆਂ ਚਾਰ-ਚਾਰ ਤੁਕਾਂ ਕਰ ਕੇ ਅਤੇ ਗਿਣਤੀ ਅੰਗਾਂ ਨੂੰ ਬੇਧਿਆਨੀ ਨਾਲ ਲਿਖਿਆ ਹੋਇਆ ਹੈ।

[੨] ਤੁਕਾਂਤ ਸਮ ਨਹੀਂ

[੩] ਇਹ ਛੰਦ 'ਸ਼ੰਖ ਨਾਰੀ' ਨਾਮ ਵਾਲਾ ਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਏਸ ਦਾ 'ਭੁਜੰਗ ਪ੍ਰਯਾਤ' 'ਰਸਾਵਲ' 'ਭੜਥੂ' ਅਤੇ 'ਭੂਲਾ' ਵੀ ਨਾਮ ਆਏ ਹਨ। ਪਿੰਗਲਾਂ ਵਿੱਚ ਇਸ ਦਾ ਨਾਮ 'ਸੋਮਰਾਜੀ' ਵੀ ਹੈ। ਲੱਛਣ ਪ੍ਰਤਿ ਚਰਣ ਦੋ ਯਗਣ 'ISS ISS' ਹੈ।

*ਭਾਵਾਰਥ:-* ਸ਼ਸਤਰਾਂ ਨੂੰ ਹੱਥ ਵਿੱਚ ਰੱਖਣ ਵਾਲੇ ਨੂੰ ਨਮਸਕਾਰ। (ਅਸਤ੍ਰ) ਮੁਕਤ ਸ਼ਸਤਰਾਂ ਨੂੰ (ਮਾਣੇ) ਮੰਡਨ ਵਾਲੇ (ਚਲਾਉਣ ਵਾਲੇ) ਨੂੰ ਨਮਸਕਾਰ। ਮਹਾਂ ਗਿਆਨੀ ਨੂੰ ਨਮਸਕਾਰ। (ਲੋਕ) ਵੇਖਣ ਵਿੱਚ (ਮਾਤਾ) ਮਸਤ ਨੂੰ ਨਮਸਕਾਰ॥੫੨॥

**ਅਭੇਖੀ ਅਭਰਮੀ॥ ਅਭੋਗੀ ਅਭੁਗਤੇ॥ ਨਮੋ ਜੋਗ ਜੋਗੇ॥ ਸ੍ਰਬੰ ਪਰਮ ਜੁਗਤੇ॥੫੩॥**

*ਭਾਵਾਰਥ:-* ਭੇਖਾਂ ਰਹਿਤ, ਭਰਮਾਂ ਰਹਿਤ, (ਭੋਗ) ਕਾਮ ਰਹਿਤ, (ਅਭੁਗਤੇ) ਭੋਜਨ ਰਹਿਤ ਅਤੇ ਮਹਾਂ ਯੋਗੇਸ਼੍ਵਰਾਂ (ਜੋਗ) ਨਾਲ (ਜੁਗਤੇ) ਲੀਨ ਨੂੰ ਨਮਸਕਾਰ ਹੈ॥੫੩॥

**ਨਮੋ ਨਿਤ ਨਾਰਾਯਣੇ॥ ਕ੍ਰੂਰ ਕਰਮੇ॥ ਨਮੋ ਪ੍ਰੇਤ ਅਪ੍ਰੇਤ॥ ਦੇਵੇ ਸੁਧਰਮੇ॥੫੪॥**

*ਭਾਵਾਰਥ:-* ਸਦਾ ਪਾਣੀ ਵਿੱਚ ਘਰ ਵਾਲੇ ਅਤੇ (ਕ੍ਰੂਰ) ਭਿਆਨਕ ਕਰਮ ਵਾਲੇ ਨੂੰ ਨਮਸਕਾਰ ਹੈ। (ਪ੍ਰੇਤ) ਮੁਰਦਾ, (ਅਪ੍ਰੇਤ) ਜ਼ਿੰਦਾ ਅਤੇ ਦੇਵ ਧਰਮ ਵਾਲੇ ਭਾਵ- ਮੁਕਤ ਨੂੰ ਨਮਸਕਾਰ ਹੈ॥੫੪॥

**ਨਮੋ ਰੋਗ ਹਰਤਾ॥ ਨਮੋ ਰਾਗ ਰੂਪੇ॥ ਨਮੋ ਸਾਹ ਸਾਹੰ॥ ਨਮੋ ਭੂਪ ਭੂਪੇ॥੫੫॥**

*ਭਾਵਾਰਥ:-* ਰੋਗ ਨਾਸ ਕਰਨ ਵਾਲੇ ਨੂੰ ਨਮਸਕਾਰ। (ਰਾਗ) ਪ੍ਰੇਮ ਰੂਪ ਨੂੰ ਨਮਸਕਾਰ ਹੈ। ਸ਼ਾਹਾਂ ਦੇ ਸ਼ਾਹ ਨੂੰ ਨਮਸਕਾਰ ਹੈ। ਰਾਜਿਆਂ ਦੇ ਰਾਜੇ ਨੂੰ ਨਮਸਕਾਰ ਹੈ॥੫੫॥

**ਨਮੋ ਦਾਨ ਦਾਨੇ॥ ਨਮੋ ਮਾਨ ਮਾਨੇ॥ ਨਮੋ ਰੋਗ ਰੋਗੇ॥ ਨਮਸਤੰ ਸਨਾਨੇ[੧]॥੫੬॥**

*ਭਾਵਾਰਥ:-* (ਦਾਨੇ) ਯੋਗ ਪੁਰਖ ਨੂੰ ਜਾਣਨ ਵਾਲੇ ਨੂੰ ਨਮਸਕਾਰ। ਮੰਨਣ ਯੋਗ ਨੂੰ ਮੰਨਣ ਵਾਲੇ ਨੂੰ ਨਮਸਕਾਰ। ਰੋਗ ਵਿੱਚ ਰੋਗ ਰੂਪ ਨੂੰ ਨਮਸਕਾਰ। (ਸਨਾਨੇ) ਰੋਗ ਨਵਿਰਤੀ ਕਿਰਿਆ ਰੂਪ ਨੂੰ ਨਮਸਕਾਰ॥੫੬॥

**ਨਮੋ ਮੰਤ੍ਰ ਮੰਤ੍ਰੰ॥ ਨਮੋ ਜੰਤ੍ਰ ਜੰਤ੍ਰੰ॥ ਨਮੋ ਇਸਟ ਇਸਟੇ॥ ਨਮੋ ਤੰਤ੍ਰ ਤੰਤ੍ਰੰ॥੫੭॥**

*ਭਾਵਾਰਥ:-* ਮੰਤ੍ਰਾਂ ਵਿੱਚ ਮੰਤ੍ਰ ਰੂਪ ਨੂੰ ਨਮਸਕਾਰ। ਜੰਤ੍ਰ (ਤਾਵੀਜ਼ਾਂ) ਵਿੱਚ ਯੰਤਰ ਰੂਪ ਨੂੰ ਨਮਸਕਾਰ। ਇਸ਼ਟ ਦੇਵਾਂ (ਮੰਤ੍ਰ ਦੇਵਾਂ) ਵਿੱਚ ਇਸ਼ਟ ਦੇਵ ਨੂੰ ਨਮਸਕਾਰ। ਤੰਤ੍ਰ (ਧਾਗਿਆਂ, ਦਵਾਈਆਂ) ਵਿੱਚ ਤੰਤ੍ਰ ਰੂਪ ਨੂੰ ਨਮਸਕਾਰ॥੫੭॥

**ਸਦਾ ਸਚਦਾਨੰਦ ॥ ਸਰਬੰ ਪ੍ਰਣਾਸੀ॥ ਅਨੂਪੇ ਅਰੂਪੇ॥ ਸਮਸਤੁਲ ਨਿਵਾਸੀ॥੫੮॥**

*ਭਾਵਾਰਥ:-* ਸਦਾ ਸਤ ਚਿੱਤ ਅਨੰਦ ਹੈ, ਸਾਰਿਆਂ ਨੂੰ ਨਮਸਕਾਰ ਕਰਨ ਵਾਲਾ ਹੈ। ਉਪਮਾ ਰਹਿਤ ਹੈ, ਰੂਪ ਰਹਿਤ ਹੈ, ਸਭ ਦਾ ਵਾਸੀ ਹੈ॥੫੮॥

**ਸਦਾ ਸਿਧਦਾ ਬੁਧਦਾ ॥ ਬ੍ਰਿਧ ਕਰਤਾ[੨]॥ ਅਧੋ ਉਰਧ ਅਰਧੰ॥ ਅਘੰ ਓਘ ਹਰਤਾ॥੫੯॥**

*ਭਾਵਾਰਥ:-* ਹਮੇਸ਼ਾ ਹੀ ਸਿੱਧੀ ਦੇਣ ਵਾਲਾ, ਬੁੱਧੀ ਦੇਣ ਵਾਲਾ ਅਤੇ ਵਾਧਾ ਕਰਨ ਵਾਲਾ ਹੈ। ਹੇਠਲੇ, ਉਪਰਲੇ ਅਤੇ ਮਧਲੇ ਸਾਰੇ ਹੀ ਮਹਾਨ ਪਾਪਾਂ ਨੂੰ ਨਾਸ ਕਰਨ ਵਾਲਾ ਹੈ॥੫੯॥

**ਪਰੰ ਪਰਮ ਪਰਮੇ ॥ ਸ੍ਰਬੰ ਪ੍ਰੋਛ ਪਾਲੰ॥ ਸਦਾ ਸਰਬਦਾ॥ ਸਿਧ ਦਾਤਾ ਦਯਾਲੰ॥੬੦॥**

---

[੧] ਪਾਠ- 'ਨਮਸਤੰ ਇਸਨਾਨੇ' ਅਤੇ 'ਨਮਸਤੰ ਸਨਾਨੇ' ਵੀ ਹੈ।

[੨] ਪਾਠ- 'ਸਦਾ ਸਿਧਦਾ॥ ਬੁਧਦਾ ਬ੍ਰਿਧ ਕਰਤਾ॥' ਵੀ ਐਂਗਲੋ ਸੰਸਕ੍ਰਿਤ ਛਾਪੇਖਾਨੇ ਲਾਹੌਰ ਦੀ ਛਾਪੀ ਹੋਈ ਸਫ਼ਰੀ ਬੀੜ 'ਚੋਂ ਵੇਖਣ ਵਿੱਚ ਆਇਆ ਹੈ।

*ਭਾਵਾਰਥ:-* (ਪਰੰ ਪਰਮ) ਮਹਾਨ ਤੋਂ ਮਹਾਨ (ਪਰਮੇਸ੍ਵਰੰ) ਰਾਜਿਆਂ ਨੂੰ (ਪ੍ਰੋਛ) ਛਿਪ ਕੇ ਪਾਲਦਾ ਹੈ। ਹਮੇਸ਼ ਦਰ ਹਮੇਸ਼ ਸਿੱਧੀਆਂ ਦਾ ਦਾਤਾ ਅਤੇ ਮਿਹਰਬਾਨ ਹੈ॥੬੦॥

**ਅਛੇਦੀ ਅਭੇਦੀ ॥ ਅਨਾਮੰ ਅਕਾਮੰ॥ ਸਮਸਤੋ ਪਰਾਜੀ॥ ਸਮਸਤਸਤ ਧਾਮੰ॥੬੧॥**[1]

---

[1] ਸ੍ਰੀ ਜਾਪੁ ਦੀ ਲਿਖਤ ਨੂੰ ਵੇਖ ਕੇ ਬੜੀ ਛੇਤੀ ਹੀ ਸਮਝਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੇ ਲਿਖਾਰੀ ਕਿੰਨੇ ਅੰਞਾਣ ਸਨ, ਜਿਨ੍ਹਾਂ ਦੀ ਬੇਧਿਆਨੀ ਦੀ ਮਿਸਾਲ ਇਹ ਛੰਦ ਹੈ।

ਏਸ ਦੀ ਵਿਚਾਰ ਕੀਤਿਆਂ ਪਤਾ ਲੱਗਦਾ ਹੈ ਕਿ ਇਹ ਦੋ ਛੰਦ ਮਿਲੇ ਹੋਏ ਹਨ ਅਤੇ ਜਿਸ ਲਿਖਾਰੀ ਨੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖੀ ਹੈ, ਉਹਨੂੰ ਜਿਸ ਤਰ੍ਹਾਂ ਫਟੇ ਪੁਰਾਣੇ ਪੱਤਰੇ ਮਿਲੇ ਹਨ, ਉਸ ਭਰੋਸਾ ਰੱਖ ਕੇ ਉਹਨਾਂ ਨੂੰ ਇਕੱਤਰ ਕਰ ਦਿੱਤਾ ਹੈ। ਇਹ ਪਤਾ ਨਹੀਂ ਕਿ ਉਹਨੂੰ ਏਹੋ ਜਿਹੇ ਰੂਪ ਹੀ ਮਿਲੇ ਹਨ ਜਾਂ ਆਪਣੇ ਕੋਲੋਂ ਹੀ ਕੁਝ ਤਬਦੀਲੀ ਕੀਤੀ ਹੋਈ ਹੈ। ਜਿਹੜੇ ਪੱਤਰੇ ਭਾਈ ਮਨੀ ਸਿੰਘ ਜੀ ਦੀ ਬੀੜ ਵਿੱਚ ਸ਼ਕਸਤਹ ਗੁਰਮੁਖੀ ਵਿੱਚ ਲਿਖੇ ਹੋਏ ਨੇ, ਵਿਆਕਰਨਿਕ ਅਤੇ ਪਿੰਗਲਿਕ ਉਹ ਵੀ ਸ਼ੁੱਧ ਨਹੀਂ ਹਨ, ਤਾਂ ਹੋਰ ਸ਼ੁੱਧਾਈ ਦੀ ਆਸ ਕਿੱਥੋਂ ਰੱਖੀ ਜਾਵੇ?

ਮੇਰੀ ਵਿਚਾਰਾਨੁਸਾਰ ਇਹ ਅਰਧ ਭੁਜੰਗ ਪ੍ਰਯਾਤ (ਸ਼ੰਖ ਨਾਰੀ) ਅਤੇ ਭੁਜੰਗ ਪ੍ਰਯਾਤ ਨੂੰ ਮਿਲਾ ਕੇ ਦੋਹਾਂ ਦੇ ਰੂਪ ਕਿਸੇ ਫਟੀ ਪੁਰਾਣੀ ਲਿਖਤ ਤੋਂ ਉਤਾਰਾ ਕੀਤੇ ਗਏ ਹਨ। ਜਿਨ੍ਹਾਂ ਦੇ ਰੂਪ ਸ਼ਬਦੀ ਪ੍ਰਮਾ ਅਤੇ ਪਿੰਗਲ ਅਨੁਸਾਰ ਅੰਗਾਂ ਦੀ ਅਦਲਾ ਬਦਲੀ ਨਾਲ ਸ਼ੁੱਧ ਇਓਂ ਹੀ ਸਮਝੇ ਜਾ ਸਕਦੇ ਹਨ-

(ਅਰਧ) ਭੁਜੰਗ ਪ੍ਰਯਾਤ ਛੰਦ॥
ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥ ਨਮੋ ਦੇਵ ਦੇਵੇ॥ ਅਭੇਖੀ ਅਭੇਵੇ॥੪੪॥
ਨਮੋ ਕਾਲ ਕਾਲੇ॥ ਨਮੋ ਸਰਬ ਪਾਲੇ॥ ਨਮੋ ਸਰਬ ਗਉਣੇ॥ ਨਮੋ ਸਰਬ ਭਉਣੇ॥੪੫॥
ਅਨੰਗੀ ਅਨਾਥੇ॥ ਨ੍ਰਿਸੰਗੀ ਪ੍ਰਮਾਥੇ॥ ਨਮੋ ਭਾਨ ਭਾਨੇ॥ ਨਮੋ ਮਾਨ ਮਾਨੇ॥੪੬॥
ਨਮੋ ਸਸਤ੍ਰ ਪਾਣੇ॥ ਨਮੋ ਅਸਤ੍ਰ ਮਾਣੇ॥ ਨਮੋ ਪਰਮ ਗਿਆਤਾ॥ਨਮੋ ਲੋਕ ਮਾਤਾ॥੪੭॥...
ਭੁਜੰਗ ਪ੍ਰਯਾਤ ਛੰਦ॥
ਨਮੋ ਚੰਦ੍ਰ ਚੰਦ੍ਰੇ ਨਮੋ ਭਾਨ ਭਾਨੇ॥ ਨਮੋ ਗੀਤ ਗੀਤੇ ਨਮੋ ਤਾਨ ਤਾਨੇ॥
ਨਮੋ ਨਿਰਤ ਨਿਰਤੇ ਨਮੋ ਨਾਦ ਨਾਦੇ॥ ਨਮੋ ਪਾਨ ਪਾਨੇ ਨਮੋ ਬਾਦ ਬਾਦੇ॥੪੮॥
ਅਨੰਗੀ ਅਨਾਮੇ ਸਮਸਤੀ ਸਰੂਪੇ॥ ਪ੍ਰਭੰਗੀ ਪ੍ਰਮਾਥੇ ਸਮਸਤੀ ਬਿਭੂਤੇ॥
ਕਲੰਕੰ ਬਿਨਾ ਨੇ ਕਲੰਕੀ ਸਰੂਪੇ॥ ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ॥੪੯॥
ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ॥ ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ॥
ਅਭੇਖੀ ਅਭਰਮੀ ਅਭੋਗੀ ਅਭੁਗਤੇ॥ ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ॥੫੦॥
ਨਮੋ ਨਿਤ ਨਾਰਾਇਣੇ ਕ੍ਰੂਰ ਕਰਮੇ॥ ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ॥
ਨਮੋ ਰੋਗ ਹਰਤਾ ਨਮੋ ਰਾਗ ਰੂਪੇ॥ ਨਮੋ ਸਾਹ ਸਾਹੰ ਨਮੋ ਭੂਪ ਭੂਪੇ॥੫੧॥
ਨਮੋ ਦਾਨ ਦਾਨੇ ਨਮੋ ਮਾਨ ਮਾਨੇ॥ ਨਮੋ ਰੋਗ ਰੋਗੇ ਨਮਸਤੰ ਸਨਾਨੇ॥
ਨਮੋ ਜੰਤ੍ਰ ਜੰਤ੍ਰੰ॥ ਨਮੋ ਮੰਤ੍ਰ ਮੰਤ੍ਰੰ॥ ਨਮੋ ਇਸਟ ਇਸਟੇ॥ ਨਮੋ ਤੰਤ੍ਰ ਤੰਤ੍ਰੰ॥੫੨॥
ਸਦਾ ਸੱਚਿਦਾਨੰਦ ਸਰਬੰ ਪ੍ਰਣਾਸੀ॥ ਅਨੂਪੇ ਅਰੂਪੇ ਸਮਸਤੁਲ ਨਿਵਾਸੀ॥
ਸਦਾ ਸਿਧਿਦਾ ਬੁਧਿਦਾ ਬ੍ਰਿਧ ਕਰਤਾ॥ ਅਧੋ ਉਰਧ ਅਰਧੰ ਅਘੰ ਓਘ ਹਰਤਾ॥੫੩॥
ਪਰੰ ਪਰਮ ਪਰਮੇਸ੍ਵਰੰ ਪ੍ਰੋਛਪਾਲੰ॥ ਸਦਾ ਸਰਬਦਾ ਸਿਧ ਦਾਤਾ ਦਯਾਲੰ॥
ਅਛੇਦੀ ਅਭੇਦੀ ਅਨਾਮੰ ਅਕਾਮੰ॥ ਸਮਸਤੋਪਰਾਜੀ ਸਮਸਤਸਤ ਧਾਮੰ॥੫੪॥

ਇਸ ਕ੍ਰਮ ਦੇ ਵਿੱਚ ਵੀ 'ਨਮੋ ਰਾਜ ਰਾਜੇਸ੍ਵਰੰ' ਅਤੇ 'ਨਮੋ ਜੋਗ ਜੋਗੇਸ੍ਵਰੰ' ਤੁਕਾਂ ਦੋ-ਦੋ ਵਾਰ ਆਈਆਂ ਹੋਈਆਂ ਦੱਸਦੀਆਂ ਹਨ ਕਿ ਇਹ ਕਈ ਛੰਦ ਹਨ, ਜੋ ਟੁੱਟੇ ਫੁੱਟੇ ਹੋਏ ਇਕੱਤਰ ਕਰ ਕੇ ਲਿਖਾਰੀ ਨੇ 'ਜਾਪੁ' ਨਾਮ ਦੇ ਕੇ ਲਿਖ ਦਿੱਤੇ ਹੋਏ ਹਨ। ਛੰਦ ਗਿਣਤੀ ਠੀਕ ਤਾਂ ਏਥੋਂ ਤੱਕ ੫੪ ਬਣਦੀ ਹੈ ਪਰ ਅੰਞਾਣ ਲਿਖਾਰੀ ਨੇ ੬੧ ਲਿਖੀ ਹੋਈ ਹੈ। ਏਸ ਜਮ੍ਹਾਂਬੰਦੀ ਦਾ ਅਸਰ 'ਜਾਪੁ' ਦੀ ਸਾਰੀ ਗਿਣਤੀ ਉੱਤੇ ਪੈਣਾ ਹੈ, ਜਿਸ ਤੋਂ ਖ਼ਿਆਲ ਰੱਖਣਾ ਜ਼ਰੂਰੀ ਹੈ ਕਿ ਹੁਣ ਤੱਕ ਗਿਣਤੀ ਅੰਗਾਂ ਵਿੱਚੋਂ ੭ ਘਟ ਗਏ ਹਨ, ਅਜੇ ਅੱਗੇ ਵੀ ਅੰਗਾਂ ਦੀ ਗੜਬੜ ਆਉਣੀ ਹੈ, ਉਹ ਥਾਂ ਸਿਰ ਹੀ ਨਿਰਣਯ ਕੀਤੀ ਜਾਵੇਗੀ ਅਤੇ ਸਾਰੀ ਗਿਣਤੀ ਨੂੰ 'ਜਾਪੁ' ਦੇ ਅੰਤ ਵਿੱਚ ਦੱਸਿਆ ਜਾਵੇਗਾ।

*ਭਾਵਾਰਥ:-* (ਅਛੇਦੀ) ਨਾ ਭੱਜਣ ਵਾਲਾ, ਨਾ ਵਿੰਨ੍ਹਿਆ ਜਾਣ ਵਾਲਾ, ਨਾ ਨਾਮ ਵਾਲਾ, ਨਾ ਕੰਮ ਵਾਲਾ। ਸਾਰਿਆਂ ਨੂੰ (ਉਪਰਾਜੀ) ਪੈਦਾ ਕਰਨ ਵਾਲਾ ਅਤੇ ਸਾਰਿਆਂ ਘਰਾਂ ਵਾਲਾ ਹੈ॥੬੧॥

**ਤੇਰਾ ਜੋਰੁ॥ ਚਾਚਰੀ ਛੰਦ॥**

**ਜਲੇ ਹੈਂ॥ ਥਲੇ ਹੈਂ॥ ਅਭੀਤ ਹੈਂ॥ ਅਭੇ ਹੈਂ॥੬੨॥**

*ਭਾਵਾਰਥ:-* ਹੇ ਪ੍ਰਭੂ! ਤੂੰ ਜਲਾਂ ਵਿੱਚ ਹੈਂ। ਥਲਾਂ ਵਿੱਚ ਹੈਂ। ਨਿਡਰ ਹੈਂ। ਅਭੇਦ ਅਥਵਾ ਕਿਸੇ ਸ਼ਸਤਰ ਦੀ ਚੋਟ ਤੋਂ ਰਹਿਤ ਹੈਂ॥੬੨॥

**ਪ੍ਰਭੂ ਹੈਂ॥ ਅਜੂ ਹੈਂ॥ ਅਦੇਸ ਹੈਂ॥ ਅਭੇਸ ਹੈਂ॥੬੩॥**

*ਭਾਵਾਰਥ:-* ਪ੍ਰਕਾਸ਼ ਵਾਲਾ ਹੈਂ। ਅਜਨਮ ਹੈਂ। ਦੇਸ਼ ਰਹਿਤ ਹੈਂ। ਭੇਸ ਰਹਿਤ ਹੈਂ॥੬੩॥

**ਭੁਜੰਗ ਪ੍ਰਯਾਤ ਛੰਦ॥**

**ਅਗਾਧੇ ਅਬਾਧੇ॥ ਅਨੰਦੀ ਸਰੂਪੇ॥ ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥੬੪॥**[੧]

*ਭਾਵਾਰਥ:-* ਗੰਭੀਰ, ਅਵਿਨਾਸੀ, ਆਨੰਦ ਸਰੂਪ ਵਾਲੇ। ਸਾਰਿਆਂ ਦੇ ਭੰਡਾਰ ਰੂਪ ਅਤੇ ਸਾਰਿਆਂ ਦੇ ਮੰਨੇ ਹੋਏ ਨੂੰ ਨਮਸਕਾਰ ॥੬੪॥

**ਨਮਸਤ੍ਵੰ ਨ੍ਰਿਨਾਥੇ॥ ਨਮਸਤ੍ਵੰ ਪ੍ਰਮਾਥੇ॥ ਨਮਸਤ੍ਵੰ ਅਗੰਜੇ॥ ਨਮਸਤ੍ਵੰ ਅਭੰਜੇ॥੬੫॥**

*ਭਾਵਾਰਥ:-* ਹੇ (ਨ੍ਰਿਨਾਥੇ) ਮਹਾਰਾਜੇ! ਤੈਨੂੰ ਨਮਸਕਾਰ। ਹੇ (ਪ੍ਰਮਾਥੇ) ਅਤਿ ਉੱਤਮ! ਤੈਨੂੰ ਨਮਸਕਾਰ। ਹੇ (ਅਗੰਜੇ) ਲਾ ਮਕਾਨ! ਤੈਨੂੰ ਨਮਸਕਾਰ। ਹੇ (ਅਭੰਜੇ) ਅਵਿਨਾਸ! ਤੈਨੂੰ ਨਮਸਕਾਰ॥੬੫॥

**ਨਮਸਤ੍ਵੰ ਅਕਾਲੇ॥ ਨਮਸਤ੍ਵੰ ਅਪਾਲੇ॥ ਨਮੋ ਸਰਬ ਦੇਸੇ॥ ਨਮੋ ਸਰਬ ਭੇਸੇ॥੬੬॥**

---

[੧] ਬੜਾ ਹੀ ਅਸਚਰਜ ਹੈ ਕਿ ਸ਼੍ਰੀਮਾਨ ਕਵੀ ਨਿਹਾਲ ਸਿੰਘ ਜੀ ਆਦਿਕ ਰਚਜਤਾ ਕਵਿੰਦ੍ਰ ਪ੍ਰਕਾਸ਼ ਅਤੇ ਰਚਜਤਾ ਚਕ੍ਰਧਰ ਚੰਦ੍ਰਿਕਾ ਚਰਿਤ੍ਰ ਆਦਿਕ ਮਹਾਂ ਵਿਦਵਾਨ ਹੋਏ ਹਨ, ਜਿਨ੍ਹਾਂ ਸ੍ਰੀ ਜਾਪੁ ਸਾਹਿਬ ਉੱਤੇ ਮਹਾਨ ਉੱਤਮ ਵਿਚਾਰਾਂ ਵਾਲੇ ਟੀਕੇ ਲਿਖੇ ਹਨ ਅਤੇ ਪਿੰਗਲ ਦੇ ਬਹੁਤ ਸੁੰਦਰ ਗ੍ਰੰਥ ਰਚੇ ਹਨ। ਜਿਨ੍ਹਾਂ ਲਈ ਮੇਰਾ ਸਿਰ ਸਦਾ ਹੀ ਨੀਵਾਂ ਹੈਂ। ਪਰ ਸ੍ਰੀ ਜਾਪੁ ਜੀ ਵਿੱਚ ਜੋ ਅੰਞਾਣ ਲਿਖਾਰੀਆਂ ਤੋਂ ਪਈਆਂ ਸਹਿਵਨ ਭੁੱਲਾਂ ਹਨ, ਉਨ੍ਹਾਂ ਵੱਲ ਕਿਸੇ ਵੀ ਧਿਆਨ ਨਹੀਂ ਦਿਵਾਇਆ। ਪਰ ਉਹਨਾਂ ਨੇ ਲਿਖਾਰੀ ਦੇ ਤ੍ਰਿਤਿਯ ਪਾਦਾਧਿਕਾਰ ਨੂੰ ਨਹੀਂ ਸਮਝਿਆ, ਜੋ ਕਿ 'ਜਾਪੁ ਸ੍ਰੀ ਮੁਖਵਾਕ ਪਾਤਸ਼ਾਹੀ ੧੦' ਪਾਠ ਤੋਂ ਪ੍ਰਗਟ ਹੁੰਦਾ ਸੀ, ਫੇਰ ਵੀ ਉਹਨਾਂ ਦੇ ਮੂਲ ਪਾਠ ਤੇ ਵਿਚਾਰ ਅਤਿ ਉੱਤਮ ਹਨ।

ਏਸ ਛੰਦ ਦੀ ਪਿੰਗਲਾਨੁਸਾਰ ਵਿਚਾਰ ਬਹੁਤ ਹੀ ਦਿਲਚਸਪ ਹੈ ਕਿਉਂਕਿ 'ਅਗਾਧੇ ਅਬਾਧੇ॥ ਅਨੰਦੀ ਸਰੂਪੇ॥' ਲੱਛਣਾਨੁਸਾਰ 'ਸ਼ੰਖ ਨਾਰੀ' (ਅਰਧ ਭੁਜੰਗ) ਹੈ ਪਰ ਤੁਕਾਂਤ ਮਿਲਣੇ ਵੀ ਜ਼ਰੂਰੀ ਹੁੰਦੇ ਹਨ ਕਿਉਂਕਿ ਇਹ ਸੰਸਕ੍ਰਿਤ ਭਾਸ਼ਾ ਨਹੀਂ ਹੈ, ਬਲਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਭਾਸ਼ਾ ਹੈ। ਏਸ ਨੂੰ ਬ੍ਰਜ ਭਾਸ਼ਾ, ਹਿੰਦੀ, ਪੰਜਾਬੀ, ਫ਼ਾਰਸੀ, ਅਰਬੀ ਆਦਿਕ ਕੋਈ ਨਾਮ ਨਹੀਂ ਦਿੱਤਾ ਜਾ ਸਕਦਾ ਬਲਕਿ ਏਸ ਦਾ ਨਿਰਮਾਤਾ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੈ, ਇਸ ਵਾਸਤੇ ਇਸਦੇ ਤੁਕਾਂਤ ਉਹਨਾਂ ਦੀ ਭਾਸ਼ਾਨੁਸਾਰ ਹੀ ਮਿਲਣੇ ਜ਼ਰੂਰੀ ਹਨ। ਮੇਰੀ ਵਿਚਾਰਧਾਰਾ ਅਨੁਸਾਰ ਇਹ ਪਾਠ ਮੂਲ ਕਾਪੀ ਤੇ ਭੁੱਲ ਦੀ ਸੋਧ ਨਾਲ ਲਿਖਿਆ ਹੋਇਆ ਸੀ, ਜਿਸਦੀ ਨਕਲ ਕਰਨ ਵਾਲੇ ਲਿਖਾਰੀ ਨੂੰ ਸਮਝ ਨਹੀਂ ਲੱਗੀ ਅਤੇ ਲਿਖ ਦਿੱਤਾ। ਹੋ ਸਕਦਾ ਹੈ ਮੂਲ ਸੋਧਿਕ ਨੇ ਚਰਖੜੀਆਂ ਨਾ ਦਿੱਤੀਆਂ ਹੋਣ, ਜਿਸ ਤੋਂ ਦੂਜੇ ਨਕਲ ਕਰਨ ਵਾਲੇ ਨੂੰ ਸੋਧ ਦੀ ਸਮਝ ਨਹੀਂ ਆਈ ਅਤੇ ਨਕਲ ਕਰ ਦਿੱਤੀ ਹੈ। ਮੇਰੀ ਵਿਚਾਰ ਸ਼ੰਖ ਨਾਰੀ (ਸੋਮਰਾਜੀ) ਛੰਦ ਦੇ ਅਨੁਸਾਰ ਏਸ ਪਾਠ ਬਾਰੇ ਇਓਂ ਹੈ ਕਿ-

ਅਨੰਦੀ ਅਗਾਧੇ॥ ਸਮਸਤੀ ਨਿਧਾਨੇ॥ ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥੬੪॥

ਪਾਠ ਹੈ, ਇਓਂ ਹੀ ਅਰਧ ਭੁਯੰਗ ਪ੍ਰਯਾਤ ਛੰਦ ਦਾ ਸਹੀ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਅਨੁਸਾਰ ਹੋਣਾ ਚਾਹੀਦਾ ਹੈ।

*ਭਾਵਾਰਥ:-* ਹੇ ਕਾਲ ਰਹਿਤ! ਤੈਨੂੰ ਨਮਸਕਾਰ। ਹੇ ਪਾਲਣ ਤੋਂ ਬਿਨਾਂ! ਤੈਨੂੰ ਨਮਸਕਾਰ। ਸਾਰਿਆਂ (ਦੇਸੇ) ਅੰਗਾਂ ਵਾਲੇ ਨੂੰ ਨਮਸਕਾਰ। ਸਾਰਿਆਂ ਭੇਖਾਂ ਵਾਲੇ ਨੂੰ ਨਮਸਕਾਰ॥੬੬॥

**ਨਮੋ ਰਾਜ ਰਾਜੇ॥ ਨਮੋ ਸਾਜ ਸਾਜੇ॥ ਨਮੋ ਸਾਹ ਸਾਹੇ॥ ਨਮੋ ਮਾਹ ਮਾਹੇ॥੬੭॥**

*ਭਾਵਾਰਥ:-* ਰਾਜਿਆਂ ਦੇ ਰਾਜੇ ਨੂੰ ਨਮਸਕਾਰ। ਸਾਜਾਂ ਦੇ ਸਜਾਉਣ ਵਾਲੇ ਨੂੰ ਨਮਸਕਾਰ। (ਸ਼ਾਹ) ਅਮੀਰਾਂ ਦੇ ਅਮੀਰ ਨੂੰ ਨਮਸਕਾਰ। (ਮਾਹ) ਚੰਦ ਦੇ ਚੰਦ ਨੂੰ ਨਮਸਕਾਰ॥੬੭॥

**ਨਮੋ ਗੀਤਿ ਗੀਤੇ॥ ਨਮੋ ਪ੍ਰੀਤਿ ਪ੍ਰੀਤੇ॥ ਨਮੋ ਰੋਖ ਰੋਖੇ॥ ਨਮੋ ਸੋਖ ਸੋਖੇ॥੬੮॥**

*ਭਾਵਾਰਥ:-* ਗੀਤਾਂ ਵਿੱਚ ਗੀਤ ਰੂਪ ਨੂੰ ਨਮਸਕਾਰ। ਪ੍ਰੀਤ ਨਾਲ ਪ੍ਰੀਤ ਰੂਪ ਨੂੰ ਨਮਸਕਾਰ। (ਰੋਖ) ਗੁੱਸੈਲ ਵਿੱਚ ਗੁੱਸੇਲ ਰੂਪ ਨੂੰ ਨਮਸਕਾਰ। (ਸੋਖ) ਖੁਸ਼ਕ ਵਿੱਚ ਖੁਸ਼ਕ ਭਾਵ- ਤਲਖ਼ ਸੁਭਾਵ ਵਿੱਚ ਤਲਖ਼ ਸੁਭਾਅ ਰੂਪ ਨੂੰ ਨਮਸਕਾਰ॥੬੮॥

**ਨਮੋ ਸਰਬ ਰੋਗੇ॥ ਨਮੋ ਸਰਬ ਭੋਗੇ॥ ਨਮੋ ਸਰਬ ਜੀਤੰ॥ ਨਮੋ ਸਰਬ ਭੀਤੰ॥੬੯॥**

*ਭਾਵਾਰਥ:-* ਸਾਰੇ ਰੋਗਾਂ ਦੇ ਰੂਪ ਨੂੰ ਨਮਸਕਾਰ। ਸਾਰੇ ਭੋਗਾਂ ਦੇ ਰੂਪ ਨੂੰ ਨਮਸਕਾਰ। ਸਾਰੀ ਜਿੱਤ ਰੂਪ ਨੂੰ ਨਮਸਕਾਰ। ਸਾਰੇ (ਭੀਤੰ) ਭੇਦ, ਪਰਦੇ ਰੂਪ ਨੂੰ ਨਮਸਕਾਰ॥੬੯॥

**ਨਮੋ ਸਰਬ ਗਜਾਨੰ॥ ਨਮੋ ਪਰਮ ਤਾਨੰ॥ ਨਮੋ ਸਰਬ ਮੰਤ੍ਰੰ॥ ਨਮੋ ਸਰਬ ਜੰਤ੍ਰੰ ॥੭੦॥**

*ਭਾਵਾਰਥ:-* ਸਾਰੇ ਗਿਆਨ ਰੂਪ ਨੂੰ ਨਮਸਕਾਰ। ਮਹਾਂ (ਤਾਨੰ) ਤਾਕਤ ਰੂਪ ਨੂੰ ਨਮਸਕਾਰ। ਸਾਰੇ ਮੰਤ੍ਰ ਰੂਪ ਨੂੰ ਨਮਸਕਾਰ। ਸਾਰੇ (ਜੰਤ੍ਰੰ) ਤਵੀਤ ਰੂਪ ਨੂੰ ਨਮਸਕਾਰ॥੭੦॥

**ਨਮੋ ਸਰਬ ਦ੍ਰਿਸੰ॥ ਨਮੋ ਸਰਬ ਕ੍ਰਿਸੰ[੧]॥ ਨਮੋ ਸਰਬ ਰੰਗੇ॥ ਤ੍ਰਿਭੰਗੀ ਅਨੰਗੇ॥੭੧॥**

*ਭਾਵਾਰਥ:-* ਸਾਰਿਆਂ ਨੂੰ (ਦ੍ਰਿਸੰ) ਵੇਖਣ ਵਾਲੇ ਨੂੰ ਨਮਸਕਾਰ। ਸਾਰਿਆਂ ਨੂੰ (ਕ੍ਰਿਸੰ) ਖਿੱਚਣ ਵਾਲੇ (ਭਾਵ- ਸਭ ਨੂੰ ਮਾਰਨ ਵਾਲੇ) ਨੂੰ ਨਮਸਕਾਰ। ਸਾਰਿਆਂ ਰੰਗਾਂ ਵਾਲੇ ਨੂੰ ਨਮਸਕਾਰ। ਜੋ ਤਿੰਨ (ਭੰਗੀ) ਵਲਾਂ ਵਾਲਾ (ਭਾਵ- ਤਿੰਨਾਂ ਥਾਵਾਂ 'ਚੋਂ ਟੇਢਾ, ਸ੍ਰੀ ਕ੍ਰਿਸ਼ਨ ਜੀ ਜੋ ਮੁਰਲੀ ਵਜਾਉਣ ਦੀ ਤ੍ਰਿਵਲੀ ਮੁਦ੍ਰਾ ਨਾਲ ਖਲੋਂਦੇ ਸਨ) ਅਤੇ (ਅਨੰਗੇ) ਕਾਮ ਰੂਪ (ਭਾਵ- ਮਹਾਂ ਸੁੰਦਰ) ਹੈ॥੭੧॥

**ਨਮੋ ਜੀਵ ਜੀਵੰ॥ ਨਮੋ ਬੀਜ ਬਿਜੈ[੨]॥ ਅਖਿਜੈ ਅਭਿਜੈ॥ ਸਮਸਤੰ ਪ੍ਰਸਿਜੈ॥੭੨॥[੩]**

---

[੧] ਇਹਨਾਂ ਦੋਹਾਂ ਤੁਕਾਂ ਵਿੱਚ ਗਣ ਕਿਰਿਆ ਅਰਧ ਭੁਜੰਗ (ਸ਼ੰਖ ਨਾਰੀ) ਛੰਦ ਦੇ ਅਨੁਕੂਲ ਨਹੀਂ ਬਣਦੀ। ਇਹਦਾ ਲੱਛਣ 'ISS IS' ਬਣਦਾ ਹੈ। ਇਸ ਰੂਪ ਦਾ ਕਿਸੇ ਪਿੰਗਲ ਵਿੱਚੋਂ ਨਾਮ ਨਹੀਂ ਮਿਲਿਆ। ਜੇ ਮੈਂ ਕੋਈ ਨਾਮ ਰੱਖ ਦਿਆਂ ਤਾਂ ਭਰਮ ਖੜ੍ਹਾ ਹੋ ਜਾਏਗਾ, ਸ਼ਾਇਦ ਕੋਈ ਨਾਮ ਮਿਲ ਹੀ ਜਾਵੇ।

[੨] ਪਾਠ- 'ਨਮੋ ਬੀਜ ਬੀਜੇ' ਵੀ ਹੈ।

[੩] ਅੰਗ ੭੨ ਅਤੇ ੭੩ ਦੇ ਦੋਵੇਂ ਛੰਦ ਅਰਧ ਭੁਜੰਗ (ਸ਼ੰਖ ਨਾਰੀ) ਨਹੀਂ ਹਨ। ਜੇ ਇਹ ਸ਼ੰਖ ਨਾਰੀ ਹੁੰਦੇ, ਤਾਂ ਇਹਨਾਂ ਦੇ ਤੁਕਾਂਤ ਦੋ-ਦੋ ਤੁਕਾਂ ਪਰ ਮਿਲਣੇ ਚਾਹੀਦੇ ਸਨ ਪਰ ਇਨ੍ਹਾਂ ਦੇ ਤੁਕਾਂਤ ਦੂਜੀਆਂ ਅਤੇ ਚੌਥੀਆਂ ਤੁਕਾਂ ਨਾਲ ਮਿਲਦੇ ਹਨ, ਜਿਸ ਤੋਂ ਇਹ 'ਭੁਜੰਗ ਪ੍ਰਯਾਤ' ਛੰਦ ਦਿਸਦਾ ਹੈ। ਪਰ ਇਹਦਾ ਰੂਪ ਲਿਖਤ ਵਿੱਚ-

ਨਮੋ ਜੀਵ ਜੀਵੰ ਨਮੋ ਬੀਜ ਬਿਜੈ॥ ਅਖਿਜੇ ਅਭਿਜੇ ਸਮਸਤੰ ਪ੍ਰਸਿਜੇ॥
ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ॥ ਸਦਾ ਸਰਬਦਾ ਰਿਧਿ ਸਿਧੰ ਨਿਵਾਸੀ॥

ਚਾਹੀਦਾ ਸੀ ਅਤੇ ਇਸਦੇ ਆਰੰਭ ਵਿੱਚ 'ਭੁਜੰਗ ਪ੍ਰਯਾਤ' ਸਿਰਲੇਖ ਵੀ ਜ਼ਰੂਰੀ ਸੀ, ਜੋ ਕਿ ਏਸ ਨੂੰ 'ਅਰਧ ਭੁਜੰਗ' ਤੋਂ ਅੱਡਰਾ ਦਰਸਾਉਂਦਾ ਹੈ ਪਰ ਮੌਜੂਦਾ ਬੀੜ ਵਿੱਚ ਨਾ ਹੋਣ ਤੋਂ, ਲਿਖਾਰੀ ਦੀ ਭੁੱਲ ਹੀ ਜਾਣਿਆ ਜਾਂਦਾ ਹੈ। ਇਸ ਹਿਸਾਬ ਨਾਲ ਇੱਕ ਅੰਕ ਵੀ ਘਟ ਜਾਂਦਾ ਹੈ ਅਤੇ ਏਥੋਂ ਤੱਕ ਸਾਰੇ ਅੰਗ ਪਿਛਲੇ ਘਟੇ ਹੋਏ ਮਿਲਣ ਤੋਂ ੮ ਅੰਗ ਘਟਦੇ ਹਨ ਤਾਂ ੭੩ ਦੀ ਥਾਂ ੬੫ ਅੰਗ ਬਣਦੇ ਹਨ।

*ਭਾਵਾਰਥ:-* ਜੀਵ ਦੇ ਜੀਵ (ਜੀਵਨ ਦੇ ਜੀਵਨ) ਰੂਪ ਨੂੰ ਨਮਸਕਾਰ। ਪੈਦਾਇਸ਼ ਦੇ ਪੈਦਾਇਸ਼ ਰੂਪ ਨੂੰ ਨਮਸਕਾਰ। ਜੋ (ਅਖਿਜੈ) ਅਵਿਨਾਸੀ, ਨਾ ਭਿੱਜਣ ਵਾਲਾ ਅਤੇ ਸਾਰਿਆਂ ਦੇ ਪ੍ਰਸੰਨ ਹੋਣ ਵਾਲਾ ਹੈ॥੭੨॥

**ਕ੍ਰਿਪਾਲੰ ਸਰੂਪੇ॥ ਕੁਕਰਮੰ ਪ੍ਰਣਾਸੀ॥ ਸਦਾ ਸਰਬਦਾ॥ ਰਿਧਿ ਸਿਧੰ ਨਿਵਾਸੀ॥੭੩॥***

*ਭਾਵਾਰਥ:-* ਜੋ ਦਿਆਲ ਮੂਰਤ, ਬੁਰੇ ਕਰਮਾਂ ਦਾ ਨਾਸ ਕਰਨ ਵਾਲਾ ਅਤੇ ਹਮੇਸ਼ਾ ਰਿੱਧੀਆਂ ਸਿੱਧੀਆਂ ਦੇ ਘਰ ਵਾਲਾ ਹੈ॥੭੩॥

**ਚਰਪਟ ਛੰਦ[੧]॥ ਤ੍ਵ ਪ੍ਰਸਾਦਿ॥**

**ਅੰਮ੍ਰਿਤ ਕਰਮੇ॥ ਅੰਬ੍ਰਿਤ ਧਰਮੇ॥ ਅਖਲ ਜੋਗੇ॥ ਅਚਲ ਭੋਗੇ॥੭੪॥**

*ਭਾਵਾਰਥ:-* ਜੋ (ਅੰਮ੍ਰਿਤ) ਮਿੱਠੇ ਕਰਮਾਂ ਵਾਲਾ ਹੈ। ਜੋ ਬਿਰਤੀ ਰਹਿਤ ਧਰਮ ਵਾਲਾ ਹੈ। ਜੋ ਸਾਰਿਆਂ ਦੇ ਯੋਗ ਹੈ। ਜੋ ਭੋਗਾਂ ਦਾ (ਅਚਲ) ਪਹਾੜ ਹੈ॥੭੪॥

**ਅਚਲ ਰਾਜੇ॥ ਅਟਲ ਸਾਜੇ॥ ਅਖਲ ਧਰਮੰ॥ ਅਲਖ ਕਰਮੰ॥੭੫॥**

*ਭਾਵਾਰਥ:-* ਜੋ (ਅਚਲ) ਅਵਿਚਲ (ਰਾਜੇ) ਵਿਰਾਜਦਾ ਹੈ। ਜੋ (ਅਟਲ) ਨਿਰਹੱਲ ਸਾਜੇ ਸਾਮਾਨ ਵਾਲਾ ਹੈ। ਜੋ (ਅਖਲ) ਸਭ ਧਰਮਾਂ ਵਾਲਾ ਹੈ। ਜਿਸਦਾ ਕਰਮ (ਅਲਖ) ਵੇਖਿਆ ਨਹੀਂ ਜਾ ਸਕਦਾ॥੭੫॥

**ਸਰਬੰ ਦਾਤਾ॥ ਸਰਬੰ ਗਿਆਤਾ॥ ਸਰਬੰ ਭਾਨੇ॥ ਸਰਬੰ ਮਾਨੇ॥੭੬॥**

*ਭਾਵਾਰਥ:-* ਜੋ ਸਭ ਦਾ ਦਾਤਾ ਹੈ। ਜੋ ਸਭ ਦਾ ਜਾਣੂ ਹੈ। ਜੋ ਸਾਰਿਆਂ ਨੂੰ (ਭਾਨੇ) ਪ੍ਰਤੀਤ ਹੁੰਦਾ ਹੈ। ਜੋ ਸਾਰਿਆਂ ਲਈ ਹੀ ਮੰਨਣ ਯੋਗ ਹੈ॥੭੬॥

**ਸਰਬੰ ਪ੍ਰਾਣੰ॥ ਸਰਬੰ ਤ੍ਰਾਣੰ॥ ਸਰਬੰ ਭੁਗਤਾ॥ ਸਰਬੰ ਜੁਗਤਾ॥੭੭॥**

*ਭਾਵਾਰਥ:-* ਜੋ ਸਾਰਿਆਂ ਦਾ (ਪ੍ਰਾਣੰ) ਜੀਵਨ ਰੂਪ ਹੈ। ਜੋ ਸਾਰਿਆਂ ਦਾ (ਤ੍ਰਾਣੰ) ਰੱਖਿਅਕ ਹੈ। ਜੋ ਸਾਰਿਆਂ ਪਦਾਰਥਾਂ ਦਾ (ਭੁਗਤਾ) ਭੋਗਣ ਵਾਲਾ ਹੈ। ਜੋ ਸਾਰਿਆਂ ਨਾਲ (ਜੁਗਤਾ) ਜੁੜਿਆ ਹੋਇਆ ਹੈ॥੭੭॥

**ਸਰਬੰ ਦੇਵੰ॥ ਸਰਬੰ ਭੇਵੰ॥ ਸਰਬੰ ਕਾਲੇ॥ ਸਰਬੰ ਪਾਲੇ॥੭੮॥**

*ਭਾਵਾਰਥ:-* ਜੋ ਸਾਰਿਆਂ ਦਾ (ਦੇਵੰ) ਪ੍ਰਕਾਸ਼ਕ ਦੇਵ, ਪੂਜਯ, ਦਾਤਾ ਹੈ। ਜੋ ਸਾਰਿਆਂ ਦਾ (ਭੇਵੰ) ਜਾਣੂ (ਭੇਦ) ਰੂਪ ਹੈ। ਜੋ ਸਾਰਿਆਂ ਦਾ ਕਾਲ (ਮ੍ਰਿਤੂ ਸਮਾਂ) ਹੈ। ਜੋ ਸਾਰਿਆਂ ਨੂੰ ਪਾਲਦਾ ਹੈ॥੭੮॥

**ਰੂਆਲ ਛੰਦ[੨]॥ ਤ੍ਵ ਪ੍ਰਸਾਦਿ॥**

---

[੧] ਇਹ 'ਚਰਪਟ' ਛੰਦ ਇੱਕ ਸਮ ਲੱਛਣ ਵਾਲਾ ਨਹੀਂ ਹੈ। ਇਸ ਨੂੰ ਜੇ ਵਰਣਕ ਛੰਦਾਂ ਵਿੱਚ ਮੰਨਿਆ ਜਾਵੇ ਤਾਂ 'ਪੰਜ ਵਰਣੀ' ਹੈ, ਤਾਂ ਇਸ ਨੂੰ 'ਉਛਾਲ' 'ਹੰਸਕ' ਅਤੇ 'ਪੰਕਤੀ' ਛੰਦ ਦਾ ਹੀ ਨਾਮਾਂਤਰ ਮੰਨਣਾ ਪੈਂਦਾ ਹੈ, ਰੂਪ 'S II SS' ਇਹ ਹੈ। ਦੂਜਾ ਰੂਪ 'II SS S' ਇਹ ਹੈ ਪਰ ਇਹਨੂੰ ਜੇ ਅੱਠ ਮਾਤ੍ਰਿਕ ਹੀ ਮੰਨਿਆ ਜਾਵੇ ਤਾਂ ਵੀ ਠੀਕ ਹੀ ਹੈ। ਸੰਤ ਮੰਗਲ ਸਿੰਘ ਜੀ ਨੇ 'ਚਰਪਟ' ਨੂੰ ਮਾਤ੍ਰਿਕ ਛੰਦਾਂ ਵਿੱਚ ਹੀ ਗਿਣਿਆ ਹੈ, ਵੇਖੋ ਗਣਪ੍ਰਸਤਾਰ ਚੰਦ੍ਰਿਕਾ, ਸਫ਼ਾ ੨੧।

[੨] ਇਹ ਛੰਦ ਰ. ਸ. ਜ. ਜ. ਭ. ਗੁ. ਲ. 'SIS ISI SII SII S' ਪ੍ਰਤਿ ਚਰਣ ਅਤੇ ਚਾਰ ਚਰਣਾਂ ਵਾਲਾ ਹੈ। ਪਹਿਲਾ ਵਿਸ਼ਰਾਮ ਦਸ ਅੱਖਰਾਂ ਉੱਤੇ ਅਤੇ ਦੂਜਾ ਵਿਸ਼ਰਾਮ ਸੱਤ ਅੱਖਰਾਂ 'ਤੇ ਹੈ। ਸੰਤ ਮੰਗਲ ਸਿੰਘ ਜੀ ਨੇ ਏਸ ਦੇ 'ਰੂਪਮਾਲਾ' ਅਤੇ 'ਸਰਸਵਤੀ' ਹੋਰ ਨਾਮ ਵੀ ਦੱਸੇ ਹਨ, ਲੱਛਣ ਇਓਂ ਕੀਤਾ ਹੈ-

**ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰੁਖ[੧] ਅਪਾਰ॥**
**ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ॥**
**ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨ ਕਾਲ॥**
**ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਬਿਸਾਲ[੨]॥੭੯॥**

*ਭਾਵਾਰਥ:-* ਜੋ (ਆਦਿ) ਪਹਿਲ (ਰੂਪ) ਮਈ ਹੈ, (ਆਨੰਦ) ਆਦਿ ਰਹਿਤ (ਮੂਰਤਿ) ਵਿਅਕਤੀ ਹੈ, ਜੋ (ਅਜੋਨਿ) ਯੋਨੀ ਰਹਿਤ ਅਤੇ ਬੇਅੰਤ (ਪੁਰੁਖ) ਪੁਰਸ਼ਾਰਥ ਵਾਲਾ ਹੈ। ਜੋ ਸਾਰਿਆਂ ਲਈ ਮੰਨਣ ਯੋਗ ਹੈ, ਜੋ ਤ੍ਰਿਦੇਵ (ਬ੍ਰਹਮਾ, ਵਿਸ਼ਨੂੰ, ਸ਼ਿਵ) ਦਾ ਮਾਨਜ ਹੈ, ਜੋ ਭੇਦ ਰਹਿਤ (ਗੁਹਜ), (ਆਦਿ) ਪਹਿਲ ਰੂਪ ਅਤੇ (ਉਦਾਰ) ਦਾਤਾਰ (ਸ੍ਰੇਸ਼ਟ) ਹੈ। ਜੋ ਸਾਰਿਆਂ ਨੂੰ ਪਾਲਣ ਵਾਲਾ, ਸਾਰਿਆਂ ਨੂੰ (ਘਾਲਕ) ਘੱਲਣ ਵਾਲਾ, ਭੇਜਣ ਵਾਲਾ (ਪੈਦਾ ਕਰਨ ਵਾਲਾ) ਅਤੇ ਸਾਰਿਆਂ ਦਾ ਕਾਲ, ਮਾਰਨ ਵਾਲਾ ਹੈ। ਜੋ (ਜਤ੍ਰ ਤਤ੍ਰ) ਜਿੱਥੇ ਕਿੱਥੇ ਸਭ ਥਾਂ ਤੇ ਵੱਡੇ (ਅਵਧੂਤ) ਤਿਆਗੀ ਰੂਪ ਹੋ ਕੇ ਵਿਰਾਜਦੇ ਨੇ॥੭੯॥

**ਨਾਮ ਠਾਮ ਨ ਜਾਤਿ ਜਾ ਕਰ ਰੂਪ ਰੰਗ ਨ ਰੇਖ॥**
**ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ॥**
**ਦੇਸ ਅਉਰ ਨ ਭੇਸ ਜਾਕਰ ਰੂਪ ਰੇਖ ਨ ਰਾਗ॥**
**ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥੮੦॥**

*ਭਾਵਾਰਥ:-* (ਜਾ ਕਰ) ਜਿਸਦਾ ਕੋਈ ਨਾਂ, ਥਾਂ, ਜਾਤ, ਰੂਪ, ਰੰਗ ਅਤੇ ਅਕਾਰ ਨਹੀਂ ਹੈ। (ਆਦਿ) ਪਹਿਲਾ ਪੁਰਖ ਪੁਰਸ਼ਾਰਥ ਵਾਲਾ, (ਉਦਾਰ ਮੂਰਤਿ) ਦਾਤਾ ਰੂਪ, ਯੋਨੀ (ਜਨਮ) ਰਹਿਤ ਅਤੇ ਮੁੱਢ ਤੋਂ ਹੀ (ਅਸੇਖ) ਪੂਰਨ ਹੈ। ਜਿਸਦਾ ਕੋਈ ਦੇਸ਼, (ਭੇਸ) ਲਿਬਾਸ, ਰੂਪ, ਰੇਖ (ਅਉਰ) ਅਤੇ (ਰਾਗ) ਸ਼ਿੰਗਾਰ ਨਹੀਂ ਹੈ। (ਜਤ੍ਰ ਤਤ੍ਰ) ਜਿੱਥੇ ਕਿੱਥੇ ਸਭ ਥਾਂ, ਦਿਸ਼ਾਵਾਂ ਅਤੇ (ਵਿਸਾ) ਉਪ-ਦਿਸ਼ਾਵਾਂ ਵਿੱਚ (ਅਨੁਰਾਗ) ਪ੍ਰੇਮ ਰੂਪ ਹੋ ਕੇ (ਫੈਲਿਓ) ਵਿਆਪਿਆ ਹੋਇਆ ਹੈ॥੮੦॥

**ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥**
**ਸਰਬ ਮਾਨ ਸਰਬਤ੍ਰ ਮਾਨ ਸਦੈਵ ਮਾਨਤ ਤਾਹਿ॥**
**ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥**
**ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥੮੧॥**

*ਭਾਵਾਰਥ:-* ਜੋ ਨਾਂ ਤੋਂ ਰਹਿਤ, ਕਾਮ ਤੋਂ (ਬਿਹੀਨ) ਰਹਿਤ ਹੈ ਅਤੇ ਜਿਸਦਾ (ਧਾਮ) ਸਥਾਨ, ਮਕਾਨ ਨਹੀਂ (ਪੇਖਤ) ਵੇਖਿਆ ਜਾਂਦਾ। ਜੋ ਸਾਰਿਆਂ ਦੇ ਮੰਨਣਯੋਗ ਸੀ, ਜੋ ਸਾਰਿਆਂ ਦੇ ਮੰਨਣਯੋਗ ਹੋਵੇਗਾ ਅਤੇ ਵਰਤਮਾਨ ਕਾਲ ਵਿੱਚ ਵੀ ਉਸਨੂੰ ਸਦਾ ਹੀ ਸਾਰੇ ਮੰਨਦੇ ਹਨ। ਇੱਕ ਰੂਪ

---

ਆਦਿ ਰੈ ਸਗਣੋ ਜਕਾਰ ਜਕਾਰ ਭੈ ਫਿਰ ਤਾਲ॥
ਅੰਕ ਸਤ੍ਰਹ ਪਾਦ ਮੇਂ ਯਹ ਰੂਪ ਮਾਲਹ ਚਾਲ॥੨੧੧॥
(ਗਣ ਪ੍ਰਸਤਾਰ ਚੰਦ੍ਰਿਕਾ, ਸਫ਼ਾ ੧੪੭)

[੧] ਮੇਰੇ ਸਾਹਮਣੇ ਐਸ ਵੇਲੇ ਚੀਫ ਖਾਲਸਾ ਦੀਵਾਨ ਦੀ ਛਾਪੀ ਹੋਈ ਸਫ਼ਰੀ ਬੀੜ ਹੈ। ਭਾਵੇਂ ਮੈਨੂੰ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦਾ ਬਹੁਤ ਅਭਿਆਸ ਲਿਖਤ ਬੀੜਾਂ ਅਤੇ ਪ੍ਰੈੱਸ ਦੀਆਂ ਵੱਡੀਆਂ ਬੀੜਾਂ ਤੋਂ ਹੋਇਆ ਹੈ ਪਰ ਕੁਝ ਪਾਠ ਏਸ ਬੀੜ ਵਿੱਚ ਸੰਸਕ੍ਰਿਤ ਅਨੁਸਾਰ ਚੰਗੇ ਮਾਲੂਮ ਪਏ ਨੇ, ਜਿਵੇਂ 'ਪੁਰੁਖ' ਹੈ, ਵੇਖੋ ਏਸ ਬੀੜ ਦਾ ਸਫ਼ਾ ੪।

[੨] ਪਾਠ- 'ਅਵਧੂਤ ਰੂਪ ਰਸਾਲ' ਵੀ ਹੈ।

ਦੇ ਹੀ ਅਨੇਕਾਂ ਦਰਸਨ ਸ਼ਾਸਤਰਾਂ (ਭੇਖਾਂ) ਦੇ ਅਨੇਕ (ਰੂਪ) ਨਿਰਣੇ ਕੀਤੇ ਹਨ। ਉਹ ਖੇਡਾਂ ਨੂੰ ਖੇਡ-ਖੇਡ ਕੇ ਖੇਡਣ ਤੋਂ ਰਹਿਤ (ਖੇਲਨ) ਹੋ ਕੇ ਅੰਤ ਨੂੰ ਫਿਰ ਇੱਕ ਹੀ ਹੋ ਜਾਂਦਾ ਹੈ॥੯੧॥

**ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ॥**
**ਰੂਪ ਰੰਗ ਨ ਜਾਤਿ ਪਾਤਿ ਸੁਜਾਨ ਹੀ ਕਿਹ ਜੇਬ?॥**
**ਤਾਤ ਮਾਤ ਨ ਜਾਤ ਜਾ ਕਰਿ ਜਨਮ ਮਰਨ ਬਿਹੀਨ॥**
**ਚਕ੍ਰ ਬਕ੍ਰ ਫਿਰੈ ਚਤੁਰ ਚਕ ਮਾਨਹੀ ਪੁਰ ਤੀਨ॥੯੨॥**

*ਭਾਵਾਰਥ:-* (ਜਿਹ) ਜੀਹਦਾ ਭੇਤ ਦੇਵਤੇ, ਵੇਦ ਅਤੇ ਕਿਤਾਬਾਂ ਵੀ ਨਹੀਂ ਜਾਣਦੀਆਂ ਹਨ। (ਜਿਸ ਬਾਰੇ) ਰੂਪ, ਰੰਗ, ਜਾਤ, ਪਾਤ ਵੀ ਨਹੀਂ ਜਾਣਦੇ ਕਿ ਉਹ ਕਿਸ (ਜ਼ੇਬ) ਉਪਮਾ (ਵਰਗਾ) ਹੈ? ਜੀਹਦਾ (ਤਾਤ ਮਾਤ) ਮਾਂ-ਪਿਉ ਵੀ ਨਹੀਂ ਹੈ ਅਤੇ ਜਨਮ-ਮਰਨ ਤੋਂ ਵੀ (ਬਿਹੀਨ) ਰਹਿਤ ਹੈ। (ਪੁਰ ਤੀਨ) ਤਿੰਨ ਲੋਕ (ਸਾਰਾ ਸੰਸਾਰ) ਹੀ ਮੰਨਦਾ ਹੈ ਕਿ ਉਸਦਾ (ਚਕ੍ਰ ਬਕ੍ਰ) ਟੇਢਾ ਚੱਕਰ ਕਾਲ ਚਕ੍ਰ (ਚਤੁਰ ਚਕ) ਸਭ ਪਾਸੀਂ ਹੀ ਫਿਰਦਾ ਹੈ॥੯੨॥

**ਲੋਕ ਚੌਦਹ ਕੇ ਬਿਖੈ ਜਗ ਜਾਪ ਹੀ ਜਿਹ ਜਾਪ॥**
**ਆਦਿ ਦੇਵ ਅਨਾਦਿ ਮੂਰਤਿ ਥਾਪਿਓ ਜਿਹ ਥਾਪ॥**
**ਪਰਮ ਰੂਪ ਪੁਨੀਤਿ ਮੂਰਤਿ ਪੂਰਨ ਪੁਰਖੁ ਅਪਾਰ॥**
**ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨ ਹਾਰ॥੯੩॥**

*ਭਾਵਾਰਥ:-* ਜੀਹਦੇ ਜਾਪ ਨੂੰ ਚੌਦਾਂ ਲੋਕਾਂ ਦੇ ਵਿਚਲੇ (ਜਗ) ਜੀਵ ਜਪਦੇ ਨੇ। (ਆਦਿ) ਪਹਿਲਾ ਹੀ (ਦੇਵ) ਪ੍ਰਕਾਸ਼ ਰੂਪ ਪੂਜਯ ਹੈ (ਜੀਹਦਾ) ਰੂਪ ਅਨਾਦਿ[੧] ਹੈ, ਜੀਹਨੇ (ਥਾਪ) ਸੰਸਾਰ ਬਣਾਇਆ ਹੋਇਆ ਹੈ। ਉੱਤਮ ਰੂਪ, ਪਵਿੱਤਰ ਮੂਰਤ, ਪੂਰਨ ਪੁਰਸ਼ਾਰਥ ਵਾਲਾ ਅਤੇ ਬੇਅੰਤ ਹੈ। (ਸੁਯੰਭਵ) ਆਪ ਹੀ ਸਾਰੇ (ਬਿਸ੍ਵ) ਸੰਸਾਰ ਦੀ ਰਚਨਾ ਕਰਨ ਵਾਲਾ ਹੈ, ਤੇ ਆਪ ਹੀ ਸੰਸਾਰ ਨੂੰ (ਗੜਨ) ਪੈਦਾ ਕਰਨ ਵਾਲਾ ਅਤੇ ਆਪ ਹੀ ਸੰਸਾਰ ਨੂੰ (ਭੰਜਨ ਹਾਰ) ਨਾਸ ਕਰਨ ਵਾਲਾ ਹੈ॥੯੩॥

**ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰੁਖ ਅਦੇਸ॥**
**ਧਰਮ ਧਾਮ ਸੁ ਭਰਮ ਰਹਤ ਅਭੂਤ ਅਲਖ ਅਭੇਸ॥**
**ਅੰਗ ਰਾਗ ਨ ਰੰਗ ਜਾ ਕਹ ਜਾਤਿ ਪਾਤਿ ਨ ਨਾਮ॥**
**ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ॥੯੪॥**

*ਭਾਵਾਰਥ:-* ਜੋ ਕਾਲ ਅਰਥਾਤ ਮੌਤ ਤੋਂ ਰਹਿਤ, (ਸੰਜੁਗਤਿ) ਸ਼ਕਤੀ ਸਹਿਤ, (ਅਕਾਲ) ਸਮੇਂ ਤੋਂ ਰਹਿਤ, ਪੁਰਸ਼ਾਰਥ ਵਾਲਾ ਅਤੇ ਦੇਸ਼ ਰਹਿਤ ਹੈ। ਧਰਮ ਦਾ ਘਰ, ਭਰਮ ਤੋਂ ਬਿਨਾ, (ਅਭੂਤ) ਤੱਤਾਂ ਰਹਿਤ, ਨਾ ਜਾਣਿਆ ਜਾਣ ਵਾਲਾ ਅਤੇ ਭੇਸ ਰਹਿਤ ਹੈ। ਜਿਸ ਵਾਸਤੇ ਕੋਈ (ਅੰਗ ਰਾਗ) ਸ਼ਿੰਗਾਰ ਅਤੇ ਰੰਗ ਨਹੀਂ, ਜਾਤ ਪਾਤ ਅਤੇ ਨਾਮ ਵੀ ਨਹੀਂ। (ਗਰਬ) ਅਹੰਕਾਰ (ਗੰਜਨ) ਨਾਸ ਕਰਨਾ, ਦੁਸ਼ਟਾਂ ਨੂੰ (ਭੰਜਨ) ਮਾਰਨਾ ਅਤੇ ਮੁਕਤੀ ਨੂੰ (ਦਾਇਕ) ਦੇਣ ਵਾਲਾ ਕੰਮ ਹੈ॥੯੪॥

---

[੧] ਉਹ ਪਦਾਰਥ 'ਅਨਾਦਿ' ਕਿਹਾ ਜਾਂਦਾ ਹੈ, ਜਿਸਦਾ (ਆਦਿ) ਮੁੱਢ (ਆਰੰਭ) ਨਾ ਜਾਣਿਆ ਜਾ ਸਕੇ।

**ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ॥**[1]
**ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ॥**
**ਅੰਗ ਹੀਨ ਅਭੰਗ ਅਨਾਤਮ ਏਕ ਪੁਰਖੁ ਅਪਾਰ॥**
**ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ॥੮੫॥**

*ਭਾਵਾਰਥ:–* ਉਹ (ਆਪ) ਜਲ ਰੂਪ, (ਅਮੀਕ) ਗੰਭੀਰ, (ਉਸਤਤਿ) ਵਡਿਆਈ ਰਹਿਤ, ਇੱਕ, ਪੁਰਸ਼ਾਰਥ ਵਾਲਾ, (ਅਵਧੂਤ) ਪਛਾੜਨ ਵਾਲਾ ਹੈ। ਉਹ ਅਹੰਕਾਰ ਨੂੰ ਨਾਸ ਕਰਨ ਵਾਲਾ, ਸਭ ਨੂੰ ਖ਼ਤਮ ਕਰਨ ਵਾਲਾ, ਉਸਦਾ (ਆਦਿ) ਪਹਿਲਾ ਰੂਪ ਵਿਚਾਰਿਆ ਗਿਆ ਅਤੇ ਉਹ (ਅਸੂਤ) ਮਰਯਾਦਾ ਰਹਿਤ ਹੈ। ਸਰੀਰ ਰਹਿਤ, (ਅਭੰਗ) ਵਲ ਰਹਿਤ  (ਅਨਾਤਮ) ਮਨ ਰਹਿਤ, (ਏਕ) ਅਦ੍ਵੈ, ਪੁਰਸ਼ਾਰਥੀ ਅਤੇ (ਅਪਾਰ) ਬੇਅੰਤ ਹੈ। ਸਭ ਦੇ (ਲਾਇਕ) ਪੈਦਾ ਕਰਨ ਵਾਲਾ (ਬ੍ਰਹਮਾ), ਸਾਰਿਆਂ ਨੂੰ ਨਾਸ ਕਰਨ ਵਾਲਾ (ਸ਼ਿਵ) ਅਤੇ ਸਾਰਿਆਂ ਨੂੰ ਪਾਲਣ ਵਾਲਾ (ਵਿਸ਼ਨੂੰ) ਹੈ॥੮੫॥

**ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ॥**
**ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗ ਅਰੁ ਰੇਖ॥**
**ਪਰਮ ਬੇਦ ਪੁਰਾਨ ਜਾ ਕਹਿ ਨੇਤਿ ਭਾਖਤ ਨਿਤ॥**
**ਕੋਟਿ ਸਿਮ੍ਰਿਤਿ ਪੁਰਾਨ ਸਾਸਤ੍ਰ ਨ ਆਵਹੀ ਵਹੁ ਚਿਤ॥੮੬॥**

*ਭਾਵਾਰਥ:–* ਸਾਰਿਆਂ ਨੂੰ (ਗੰਤਾ) ਪੈਦਾ ਕਰਨ ਵਾਲਾ, ਸਾਰਿਆਂ ਨੂੰ ਨਾਸ ਕਰਨ ਵਾਲਾ ਅਤੇ ਸਾਰਿਆਂ ਭੇਖਾਂ ਤੋਂ ਰਹਿਤ ਹੈ। ਜੀਹਦੇ ਰੂਪ, ਰੰਗ ਅਤੇ ਸ਼ਕਲ ਨੂੰ ਸਾਰੇ ਸ਼ਾਸ਼ਤਰ ਵੀ ਨਹੀਂ ਜਾਣਦੇ। (ਪਰਮ) ਉੱਤਮ ਵੇਦ ਅਤੇ ਪੁਰਾਣ ਜੀਹਨੂੰ ਸਦਾ ਹੀ (ਨੇਤ) ਬੇਅੰਤ ਕਹਿੰਦੇ ਹਨ। ਉਹ ਕਰੋੜਾਂ ਸਿਮ੍ਰਤੀਆਂ, ਪੁਰਾਣਾਂ ਅਤੇ ਸ਼ਾਸ਼ਤਰਾਂ ਦੇ (ਚਿਤ) ਖ਼ਿਆਲ ਵਿੱਚ ਵੀ ਨਹੀਂ ਆਉਂਦਾ॥੮੬॥

**ਮਧੁਭਾਰ[2] ਛੰਦ॥ ਤ੍ਵ ਪ੍ਰਸਾਦਿ॥**
**ਗੁਨ ਗਨ ਉਦਾਰ॥ ਮਹਿਮਾ ਅਪਾਰ॥ ਆਸਨ ਅਭੰਗ॥ ਉਪਮਾ ਅਨੰਗ॥੮੭॥**

*ਭਾਵਾਰਥ:–* ਜਿਸ ਪਰਮੇਸ਼ਰ ਵਿੱਚ ਸਾਰੇ ਸ੍ਰੇਸ਼ਟ ਗੁਣ ਹਨ। ਜੀਹਦੀ ਬੇਅੰਤ ਮਹਿਮਾ ਹੈ। ਜੀਹਦਾ (ਅਭੰਗ) ਅਵਿਚਲ (ਆਸਨ) ਨਿਵਾਸ ਹੈ। ਜੀਹਦੀ (ਉਪਮਾ) ਸੁੰਦਰਤਾ (ਅਨੰਗ) ਕਾਮਦੇਵ ਤੁਲ ਉਸ ਨੂੰ ਕਿਹਾ ਜਾ ਸਕਦਾ ਹੈ॥੮੭॥

**ਅਨਭਉ ਪ੍ਰਕਾਸ॥ ਨਿਸਿ ਦਿਨ ਅਨਾਸ॥ ਆਜਾਨੁ ਬਾਹੁ॥ ਸਾਹਾਨ ਸਾਹੁ॥੮੮॥**

*ਭਾਵਾਰਥ:–* ਜਿਸਦਾ ਮਨੁੱਖਾਂ ਦੇ (ਅਨੁਭਵ) ਸਾਧਨ ਰਹਿਤ ਮਨੋ ਵਿਗਿਆਨ ਦੁਆਰਾ ਹੀ ਪ੍ਰਕਾਸ਼ ਹੈ। ਜੋ (ਨਿਸਿ ਦਿਨ) ਰਾਤ ਦਿਨ ਹਮੇਸ਼ਾਂ ਹੀ ਆਸ਼ਾ ਰਹਿਤ ਹੈ। (ਆਜਾਨੁ) ਗੋਡਿਆਂ ਤੱਕ ਬਾਹਾਂ ਵਾਲਾ (ਅਥਵਾ– ਸਾਰੀਆਂ ਹੀ ਬਾਹੁ = ਸ੍ਵਾਰੀਆਂ ਜੀਹਦੀਆਂ ਜਾਨੁ = ਚੜ੍ਹਨ ਵਾਲੀਆਂ ਵਸਤੂਆਂ ਨੇ)। ਬਾਦਸ਼ਾਹਾਂ ਦਾ ਬਾਦਸ਼ਾਹ ਹੈ॥੮੮॥

**ਰਾਜਾਨ ਰਾਜ॥ ਭਾਨਾਨ ਭਾਨ॥ ਦੇਵਾਨ ਦੇਵ॥ ਉਪਮਾ ਮਹਾਨ॥੮੯॥**

---

[1] ਏਸ ਤੁਕ ਵਿੱਚ ਛੰਦ ਦਾ ਕ੍ਰਮ ਟੁੱਟਦਾ ਸਾਬਤ ਹੋ ਰਿਹਾ ਹੈ। ਸ. ਬ. ਕਾਨ੍ਹ ਸਿੰਘ ਜੀ ਨੇ ਗੁਰਮਤ ਸੁਧਾਕਰ ਵਿੱਚ ਤਾਂ ਹੀ ਪਾਠ ਨੂੰ ਸ਼ੁੱਧ ਬਣਾਉਣ ਦਾ ਯਤਨ ਕੀਤਾ ਹੈ ਪਰ ਮਾਤ੍ਰਿਕ ਕ੍ਰਮ ਤਾਂ ਵੀ ਪੂਰਨ ਨਹੀਂ ਹੋ ਸਕਿਆ।

[2] ਇਹ ਛੰਦ ਮਾਤ੍ਰਿਕ ਛੰਦਾਂ ਵਿੱਚ ਗਿਣਿਆ ਹੋਇਆ ਹੈ। ਏਸ ਨੂੰ 'ਵੱਛ' ਵੀ ਕਿਹਾ ਜਾਂਦਾ ਹੈ, ਲੱਛਣ ਪ੍ਰਤੀ ਚਰਣ ਅੱਠ ਮਾਤ੍ਰਾ ਅਤੇ ਚਾਰ ਚਰਣ ਹੈ।

*ਭਾਵਾਰਥ:-* ਜੋ ਰਾਜਿਆਂ ਦਾ ਰਾਜਾ ਹੈ। ਸੂਰਜਾਂ ਦਾ ਸੂਰਜ । ਪ੍ਰਕਾਸ਼ਾਂ ਦਾ ਪ੍ਰਕਾਸ਼ ਅਤੇ ਵੱਡੀ ਉਪਮਾ ਵਾਲਾ ਹੈ॥੮੯॥

**ਇੰਦ੍ਰਾਨ ਇੰਦ੍ਰ॥ ਬਾਲਾਨ ਬਾਲ॥ ਰੰਕਾਨ ਰੰਕ॥ ਕਾਲਾਨ ਕਾਲ॥੯੦॥**[੧]

*ਭਾਵਾਰਥ:-* ਦੇਵਰਾਜਾਂ ਦਾ ਦੇਵ ਰਾਜ ਹੈ। ਬੱਚਿਆਂ ਦਾ ਬੱਚਾ ਹੈ। ਗ਼ਰੀਬਾਂ ਦਾ ਗ਼ਰੀਬ ਹੈ। (ਕਾਲਾਨ) ਕਾਤਲਾਂ ਦਾ ਕਾਤਲ ਹੈ॥੯੦॥

**ਅਨਭੂਤ ਅੰਗ॥ ਆਭਾ ਅਭੰਗ॥ ਗਤਿ ਮਿਤਿ ਅਪਾਰ॥ ਗੁਨ ਗਨ ਉਦਾਰ॥੯੧॥**

*ਭਾਵਾਰਥ:-* ਜੋ (ਅਨਭੁਤ) ਤੱਤਾਂ ਤੋਂ ਰਹਿਤ ਸਰੀਰ ਵਾਲਾ ਹੈ। (ਅਭੰਗ) ਨਾਸ ਰਹਿਤ (ਆਭਾ) ਚਮਕ ਵਾਲਾ ਹੈ। (ਗਤਿ ਮਿਤਿ) ਰੀਤ ਮਰਯਾਦਾ ਹੀ ਹੱਦ ਤੋਂ ਪਰ੍ਹੇ ਹੈ। ਸਭ ਉੱਤਮ ਗੁਣਾਂ ਵਾਲਾ ਹੈ॥੯੧॥

**ਮੁਨਿ ਗਨ ਪ੍ਰਨਾਮ॥ ਨਿਰਭੈ ਨ੍ਰਿਕਾਮ॥ ਅਤਿ ਦੁਤਿ ਪ੍ਰਚੰਡ॥ ਮਿਤਿ ਗਤਿ ਅਖੰਡ॥੯੨॥**

*ਭਾਵਾਰਥ:-* ਜੋ ਨਿਡਰ ਹੈ ਅਤੇ ਸਭ ਨਿਸ਼ਕਾਮ ਮੁਨੀ-ਜਨ ਜੀਹਨੂੰ (ਪ੍ਰਨਾਮ) ਨਮਸਕਾਰਦੇ ਹਨ। ਜੀਹਦੀ (ਦੁਤਿ) ਚਿਹਰੇ ਦੀ ਰੌਣਕ ਬਹੁਤ (ਪ੍ਰਚੰਡ) ਤੇਜਮਈ ਹੈ। ਰੀਤ-ਮਰਯਾਦਾ (ਅਖੰਡ) ਖੰਡਨ ਤੋਂ ਬਿਨਾਂ ਹੈ॥੯੨॥

**ਆਲਿਸ੍ਯ ਕਰਮ॥ ਆਦ੍ਰਿਸ੍ਯ ਧਰਮ॥ ਸਰਬਾਭਰਣਾਢ੍ਯ॥ ਅਨਡੰਡ ਬਾਢ੍ਯ॥੯੩॥**

*ਭਾਵਾਰਥ:-* (ਆ) ਸਾਰਿਆਂ ਪਾਸਿਆਂ ਤੋਂ (ਲਿਸ੍ਯ ) ਢਿੱਲਾ ਕੰਮ ਕਰਨ ਵਾਲਾ ਹੈ (ਭਾਵ- ਪਰਮੇਸ਼ਰ ਦਾ ਕਰਮ ਦੇਰ ਨਾਲ ਫ਼ਲ ਦੇਂਦਾ ਹੈ, ਲੋਕ ਮੁਹਾਵਰਾ ਹੈ ਕਿ ਪਰਮੇਸ਼ਰ ਦੇ ਘਰ ਤੇ ਦੇਰ ਹੈ, ਹਨ੍ਹੇਰ ਨਹੀਂ)। ਸਾਰਿਆਂ ਪਾਸਿਆਂ ਤੋਂ ਦਿਸਣ-ਯੋਗ ਧਰਮ ਵਾਲਾ ਹੈ। ਸਾਰੇ (ਅਭਰਣ) ਭੂਸ਼ਣ (ਉੱਤਮ ਪੁਰਸ਼ਾਂ) ਦਾ (ਆਢ੍ਯ) ਆਸਰਾ ਹੈ। ਬਿਨਾਂ (ਡੰਡ) ਰੋਕ ਤੋਂ (ਬਾਢ੍ਯ) ਵਧਣ ਯੋਗ ਹੈ॥੯੩॥

**ਚਾਚਰੀ ਛੰਦ**[੨]**॥ ਤ੍ਵ ਪ੍ਰਸਾਦਿ॥**

**ਗੁਬਿੰਦੇ॥ ਮੁਕੰਦੇ॥ ਉਦਾਰੇ॥ ਅਪਾਰੇ॥੯੪॥**

*ਭਾਵਾਰਥ:-* ਜੋ (ਗੋ) ਹਨੇਰੇ ਵਿੱਚੋਂ (ਬਿੰਦੇ) ਚਮਕਣ ਵਾਲਾ। ਮੁਕਤ ਦੇਣ ਵਾਲਾ। ਦਾਤਾਰ। ਬੇਅੰਤ ਹੈ॥੯੪॥

**ਹਰੀਅੰ॥ ਕਰੀਅੰ॥ ਨ੍ਰਿਨਾਮੇ॥ ਅਕਾਮੇ॥੯੫॥**

---

[੧] ਅੰਗ ੮੯ ਅਤੇ ੯੦ ਦੇ ਦੋਵੇਂ ਛੰਦਾਂ ਦੇ ਤੁਕਾਂਤ ਦੋ-ਦੋ ਤੁਕਾਂ ਤੋਂ ਬਾਅਦ ਮਿਲਦੇ ਹਨ, ਜਿਸ ਤੋਂ ਇਹ ਮਧੁਕਰ ਛੰਦ ਦਾ ਲੱਛਣ ਨਹੀਂ ਰਹਿੰਦਾ। ਭਾਵੇਂ ਸੰਸਕ੍ਰਿਤ ਛੰਦਾਨੁਸਾਰ ਇਹ ਮਧੁਭਾਰ ਕਿਹਾ ਵੀ ਜਾ ਸਕਦਾ ਹੈ ਪਰ ਭਾਸ਼ਾ ਅਨੁਸਾਰ ਇਹ ਕ੍ਰਮ ਸਵੀਕਾਰ ਨਹੀਂ ਕੀਤਾ ਜਾਂਦਾ। ਜਿਸ ਤੋਂ ਇਹ ਛੰਦ ੧੬ ਮਾਤ੍ਰਿਕ ਕਲੀ ਵਾਲਾ ਹੋ ਜਾਂਦਾ ਹੈ ਪਰ ਇਹ ਚੌਪਈ ਦੀ ਰੀਤ ਲੈਅ ਵਿੱਚ ਨਹੀਂ ਆ ਰਿਹਾ, ਇਸ ਦਾ ਕੋਈ ਹੋਰ ਨਾਮ ਥਾਪਣਾ ਪਵੇਗਾ।

[੨] ਕੁਝ ਬੰਦੇ ਇਹਨੂੰ 'ਗੋਬਿੰਦ ਗਾਯਤ੍ਰੀ' ਵੀ ਕਹਿੰਦੇ ਹਨ ਕਿਉਂਕਿ ਏਸ ਚਾਚਰੀ ਛੰਦ ਦੇ ੨੪ ਅੱਖਰ ਹਨ। ਪਰ ਇਹਨਾਂ ਨੂੰ ਇਹ ਪਤਾ ਨਹੀਂ ਕਿ 'ਗਾਯਤ੍ਰੀ' ਇੱਕ ਛੰਦ ਦਾ ਹੀ ਨਾਮ ਹੈ, ਜੀਹਦਾ ਲੱਛਣ ਛੇ-ਛੇ ਅੱਖਰਾਂ ਦੇ ਚਾਰ ਚਰਣ ਹੁੰਦੇ ਹਨ। ਵੇਦ ਵਿੱਚ ਗਾਯਤ੍ਰੀ ਨਾਮ ਦੇ ਅਨੇਕਾਂ ਛੰਦ ਹਨ। ਜਿਹੜੀ ਗਾਯਤ੍ਰੀ ਆਮ ਪ੍ਰਚਾਰੀ ਗਈ ਹੈ, ਉਹਨੂੰ ਲੋਕ ਬ੍ਰਹਮ ਗਾਯਤ੍ਰੀ ਕਹਿੰਦੇ ਹਨ। ਹਿੰਦੂਆਂ ਵਿੱਚ ਪ੍ਰਚਾਰ ਫੈਲਾਉਣ ਲਈ ਏਹੋ ਜਿਹੇ ਭਰਮ ਪਾਏ ਹੋਏ ਹਨ। ਇਹ ਗਾਯਤ੍ਰੀ (ਛੰਦ) ਨਹੀਂ ਸਿੱਧ ਹੁੰਦਾ।

*ਭਾਵਾਰਥ:-* ਜੋ (ਹਰੀਐਂ) ਵਿਸ਼ਨੂੰ ਰੂਪ। (ਕਰੀਐਂ) ਬ੍ਰਹਮਾ ਰੂਪ। ਨਾਮ ਰਹਿਤ ਅਤੇ ਕਾਮਨਾ ਰਹਿਤ ਹੈ॥੯੫॥

**ਭੁਜੰਗ ਪ੍ਰਯਾਤ ਛੰਦ॥**

**ਚਤ੍ਰ ਚਕ੍ਰ ਕਰਤਾ॥ ਚਤ੍ਰ ਚਕ੍ਰ ਹਰਤਾ॥ ਚਤ੍ਰ ਚਕ੍ਰ ਦਾਨੇ॥ ਚਤ੍ਰ ਚਕ੍ਰ ਜਾਨੇ॥੯੬॥**

*ਭਾਵਾਰਥ:-* ਜੋ (ਚਤੁਰ ਚਕ੍ਰ) ਸਾਰਿਆਂ ਪਾਸਿਆਂ ਦਾ ਕਰਨ ਵਾਲਾ ਹੈ। ਜੋ ਸਭ ਸੰਸਾਰ ਨੂੰ ਮਾਰਨ ਵਾਲਾ ਹੈ। ਜੋ ਸਾਰੇ ਸੰਸਾਰ ਲਈ ਦਾਨੀ ਹੈ। ਜੋ ਸਾਰੇ ਵਿਸ਼ਵ ਨੂੰ ਜਾਣਦਾ ਹੈ॥੯੬॥

**ਚਤ੍ਰ ਚਕ੍ਰ ਵਰਤੀ॥ ਚਤ੍ਰ ਚਕ੍ਰ ਭਰਤੀ॥ ਚਤ੍ਰ ਚਕ੍ਰ ਪਾਲੇ॥ ਚਤ੍ਰ ਚਕ੍ਰ ਕਾਲੇ॥੯੭॥**

*ਭਾਵਾਰਥ:-* ਜੋ ਸਭ ਸੰਸਾਰ ਵਿੱਚ (ਵਰਤੀ) ਵਿਆਪਕ ਹੈ। ਜੋ ਸਾਰੇ ਸੰਸਾਰ ਦਾ (ਭਰਤੀ) ਪੈਦਾ ਕਰਨ ਵਾਲਾ ਹੈ। ਜੋ ਸਭ ਵਿਸ਼ਵ ਨੂੰ ਪਾਲਦਾ ਹੈ। ਜੋ ਸਾਰੇ ਸੰਸਾਰ ਨੂੰ ਨਾਸ ਕਰਦਾ ਹੈ॥੯੭॥

**ਚਤ੍ਰ ਚਕ੍ਰ ਪਾਸੇ॥ ਚਤ੍ਰ ਚਕ੍ਰ ਵਾਸੇ॥ ਚਤ੍ਰ ਚਕ੍ਰ ਮਾਨਜੈ॥ ਚਤ੍ਰ ਚਕ੍ਰ ਦਾਨਜੈ॥੯੮॥**

*ਭਾਵਾਰਥ:-* ਜੋ ਸਭ ਵਿਸ਼ਵ ਲਈ ਨੇੜੇ ਹੈ। ਜੋ ਸਾਰੇ ਵਿਸ਼ਵ ਵਿੱਚ ਵੱਸਦਾ ਹੈ। ਜੋ ਸਾਰੇ ਸੰਸਾਰ ਨੂੰ ਮੰਨਣ ਯੋਗ ਹੈ। ਜੋ ਸਾਰੇ ਸੰਸਾਰ ਨੂੰ ਦਾਨ ਦੇਣ ਯੋਗ ਹੈ॥੯੮॥

**ਚਾਚਰੀ ਛੰਦ॥**

**ਨ ਸਤ੍ਰੈ॥ ਨ ਮਿਤ੍ਰੈ॥ ਨ ਭਰਮੰ॥ ਨ ਭਿਤ੍ਰੈ॥੯੯॥**

*ਭਾਵਾਰਥ:-* ਜੀਹਦਾ ਨਾ ਕੋਈ ਦੁਸ਼ਮਣ ਹੈ। ਨਾ ਸੱਜਣ ਹੈ। ਨਾ ਭਰਮ ਹੈ। ਨਾ ਹੀ (ਭਿਤ੍ਰੈ) ਭੀਤਰ ਫ਼ਰਕ ਹੈ॥੯੯॥

**ਨ ਕਰਮੰ॥ ਨ ਕਾਏ॥ ਅਜਨਮੰ॥ ਅਜਾਏ॥੧੦੦॥**

*ਭਾਵਾਰਥ:-* ਜੀਹਦਾ ਨਾ ਕਰਮ ਹੈ। ਨਾ ਸਰੀਰ ਹੈ। ਜਨਮ ਰਹਿਤ ਹੈ। ਮਾਤਾ ਰਹਿਤ ਹੈ॥੧੦੦॥

**ਨ ਚਿਤ੍ਰੈ॥ ਨ ਮਿਤ੍ਰੈ॥ ਪਰੇ ਹੈ॥ ਪਵਿਤ੍ਰੈ॥੧੦੧॥**

*ਭਾਵਾਰਥ:-* ਜੀਹਦੀ ਨਾ (ਚਿਤ੍ਰ) ਮੂਰਤੀ ਹੈ। ਨਾ ਮਿੱਤਰ ਹੈ। ਜੋ (ਪਰੇ) ਦੂਰ ਹੈ। ਜੋ ਪਵਿੱਤਰ ਹੈ॥੧੦੧॥

**ਪ੍ਰਿਥੀਸੈ॥ ਅਦੀਸੈ॥ ਅਦ੍ਰਿਸੈ॥ ਅਕ੍ਰਿਸੈ॥੧੦੨॥**

*ਭਾਵਾਰਥ:-* ਜੋ (ਪ੍ਰਿਥੀਸੈ) ਰਾਜਾ ਹੈ। ਜੋ ਆਦਿ ਈਸ ਹੈ। ਜੋ ਦਿਸਦਾ ਨਹੀਂ। ਜੋ (ਕ੍ਰਿਸੈ) ਕਮਜ਼ੋਰ ਨਹੀਂ ਹੈ ॥੧੦੨॥

**ਭਗਵਤੀ[੧] ਛੰਦ॥ ਤ੍ਵ ਪ੍ਰਸਾਦਿ ਕਥਤੇ॥**

**ਕਿ ਆਛਿਜ ਦੇਸੈ॥ ਕਿ ਆਭਿਜ ਭੇਸੈ॥**

**ਕਿ ਆਗੰਜ ਕਰਮੈ॥ ਕਿ ਆਭੰਜ ਭਰਮੈ॥੧੦੩॥**

---

[੧] ਇਹ ਛੰਦ ਦਸ ਮਾਤ੍ਰਿਕ ਅੰਤ ਯਗਣ ਵਾਲਾ ਹੈ।

*ਭਾਵਾਰਥ:-* ਜੋ (ਆਛਿਜ) ਅਨਖੰਡ (ਦੇਸੈ) ਅੰਗਾਂ ਵਾਲਾ ਹੈ। ਜੋ ਸਾਰਿਆਂ ਪਾਸਿਆਂ ਤੋਂ ਭੇਸਾਂ ਨਾਲ (ਭਿਜ) ਮਿਲੇ ਹੋਏ ਹਨ। ਜੋ ਸਭ ਤਰ੍ਹਾਂ ਨਾਲ ਕਰਮਾਂ ਨੂੰ (ਗੰਜ) ਨਾਸ ਕਰਨ ਵਾਲਾ ਹੈ। ਜੋ ਸਭ ਤਰ੍ਹਾਂ ਨਾਲ ਭਰਮਾਂ ਨੂੰ ਨਾਸ ਕਰਨ ਵਾਲਾ ਹੈ॥੧੦੩॥

**ਕਿ ਆਭਿਜ ਲੋਕੈ॥ ਕਿ ਆਦਿਤ ਸੋਕੈ॥**
**ਕਿ ਅਵਧੂਤ ਬਰਨੈ॥ ਕਿ ਬਿਭੂਤਿ ਕਰਨੈ॥੧੦੪॥**

*ਭਾਵਾਰਥ:-* ਜੋ ਸਾਰਿਆਂ ਤਰ੍ਹਾਂ (ਲੋਕੈ) ਸ਼ਾਸ਼ਤਰਾਂ ਵਿੱਚ ਭਿੱਜੇ ਹੋਏ ਹਨ। ਜੋ ਲੋਕਾਂ ਵਾਸਤੇ (ਆਦਿਤ) ਸੂਰਜ ਵਾਂਗ ਨਾਸ ਕਰਨ ਵਾਲੇ ਹਨ। ਜੋ (ਅਵਧੂਤ) ਸਾਧੂ ਦੇ (ਬਰਨੈ) ਭੇਸ ਵਾਲੇ ਹਨ। ਜੋ (ਬਿਭੂਤਿ) ਮਾਇਆ ਨੂੰ ਕਰਨ ਵਾਲੇ ਹਨ॥੧੦੪॥

**ਕਿ ਰਾਜੰ ਪ੍ਰਭਾ ਹੈਂ॥ ਕਿ ਧਰਮੰ ਧੁਜਾ ਹੈਂ॥**
**ਕਿ ਆਸੋਕ ਬਰਨੈ॥ ਕਿ ਸਰਬਾ ਅਭਰਨੈ॥੧੦੫॥**

*ਭਾਵਾਰਥ:-* ਜੋ ਰਾਜਿਆਂ ਵਾਂਗ (ਪ੍ਰਭਾ) ਸੋਭਾ ਵਾਲੇ ਹਨ। ਜੋ ਧਰਮਾਂ ਦਾ ਝੰਡਾ ਅਰਥਾਤ ਉੱਚ ਧਰਮ ਵਾਲੇ ਹਨ। ਜੋ (ਆਸੋਕ) ਪ੍ਰਸੰਨ (ਬਰਨੈ) ਚਿਹਰੇ ਦੀ ਚਮਕ ਵਾਲੇ ਹਨ। ਜੋ ਸਾਰਿਆਂ ਦਾ (ਅਭਰਨ) ਭੂਸ਼ਣ ਹਨ॥੧੦੫॥

**ਕਿ ਜਗਤੰ ਕ੍ਰਿਤੀ ਹੈਂ॥ ਕਿ ਛਤ੍ਰੰ ਛਤ੍ਰੀ ਹੈਂ॥**
**ਕਿ ਬ੍ਰਹਮੰ ਸਰੂਪੈ॥ ਕਿ ਅਨਭਉ ਅਨੂਪੈ॥੧੦੬॥**

*ਭਾਵਾਰਥ:-* ਜੋ ਸੰਸਾਰ ਨੂੰ ਪੈਦਾ (ਕ੍ਰਿਤੀ) ਕਰਨ ਵਾਲੇ ਹਨ। ਜੋ ਛਤ੍ਰੀਆਂ ਦੇ ਵੀ ਛਤ੍ਰੀ ਯੋਧੇ ਹਨ। ਜੋ ਵਿਆਪਕ ਰੂਪ ਹਨ। ਜੋ (ਅਨੂਪ) ਸੁੰਦਰ ਅਨੁਭਵ ਹੈ॥੧੦੬॥

**ਕਿ ਆਦਿ ਅਦੇਵ ਹੈਂ॥ ਕਿ ਆਪ ਅਭੇਵ ਹੈਂ॥**
**ਕਿ ਚਿਤ੍ਰੰ ਬਿਹੀਨੈ॥ ਕਿ ਏਕੈ ਅਧੀਨੈ॥੧੦੭॥**

*ਭਾਵਾਰਥ:-* ਜੋ ਪਹਿਲੋਂ ਤੋਂ ਹੀ (ਅਦੇਵ) ਬੇਮੁਹਤਾਜ ਹਨ। ਜੋ ਆਪ ਹੀ (ਅਭੇਵ) ਗੁਪਤ ਨੇ। ਜੋ (ਚਿਤ੍ਰੰ) ਮੂਰਤੀ ਤੋਂ ਬਿਨਾਂ ਹਨ। ਜੋ (ਏਕੈ) ਏਕਤਾ ਦੇ ਅਨੁਸਾਰ ਹੈ ਅਥਵਾ- ਜੋ ਇੱਕ ਸਾਧੂ ਅਥਵਾ ਸਿਮਰ ਦੇ ਅਧੀਨ ਹਨ॥੧੦੭॥

**ਕਿ ਰੋਜੀ ਰਜਾਕੈ॥ ਰਹੀਮੈ ਰਿਹਾਕੈ॥**
**ਕਿ ਪਾਕ ਬਿਐਬ ਹੈਂ॥ ਕਿ ਗੈਬੁਲ ਗੈਬ ਹੈਂ॥੧੦੮॥**

*ਭਾਵਾਰਥ:-* ਜੋ (ਰੋਜੀ) ਭੋਜਨ ਦੇਣ ਵਾਲੇ ਤੇ (ਰਜਾਕੈ) ਰਿਜ਼ਕ ਦੇਣ ਵਾਲੇ ਹਨ। ਜੋ (ਰਹੀਮੈ) ਮਿਹਰਬਾਨ ਅਤੇ (ਰਹਾਕੈ) ਮੁਕਤੀ ਦੇਣ ਵਾਲੇ ਹਨ । ਜੋ ਪਵਿੱਤਰ ਅਤੇ (ਬੇਐਬ) ਵਿਕਾਰਾਂ ਤੋਂ ਰਹਿਤ ਹਨ। (ਕਿ) ਜੋ ਗੁਪਤਾਂ ਦੇ ਗੁਪਤ ਹਨ॥੧੦੮॥

**ਕਿ ਅਫਵੁਲ ਗੁਨਾਹ ਹੈਂ॥ ਕਿ ਸਾਹਾਨ ਸਾਹ ਹੈਂ॥**
**ਕਿ ਕਾਰਨ ਕੁਨਿੰਦ ਹੈਂ॥ ਕਿ ਰੋਜ਼ੀ ਦਿਹਿੰਦ ਹੈਂ॥੧੦੯॥**

*ਭਾਵਾਰਥ:-* ਜੋ ਪਾਪਾਂ (ਅਫਵੁਲ) ਨੂੰ ਮਾਫ਼ ਕਰਨ ਵਾਲੇ ਹਨ। ਜੋ ਰਾਜਿਆਂ ਦੇ ਰਾਜੇ ਹਨ। ਜੋ ਕਾਰਨ ਦੇ ਕਰਨ ਵਾਲੇ ਹਨ। ਜੋ ਰੋਜ਼ੀ ਨੂੰ ਦੇਣ ਵਾਲੇ ਹਨ॥੧੦੯॥

**ਕਿ ਰਾਜਕ ਰਹੀਮ ਹੈਂ॥ ਕਿ ਕਰਮੰ ਕਰੀਮ ਹੈਂ॥**

**ਕਿ ਸਰਬੰ ਕਲੀ ਹੈਂ॥ ਕਿ ਸਰਬੰ ਦਲੀ ਹੈਂ॥੧੧੦॥**

*ਭਾਵਾਰਥ:-* ਜੋ (ਰਹੀਮ) ਦਿਆਲ ਅਤੇ ਰਿਜ਼ਕ ਦੇਣ ਵਾਲੇ ਹਨ। ਜੋ (ਕਰਮੰ) ਕਿਰਪਾ ਅਤੇ ਕਿਰਪਾਲੂ ਹਨ। ਜੋ ਸਾਰੀਆਂ (ਕਲੀ) ਸ਼ਕਤੀਆਂ ਵਾਲੇ ਹਨ। ਜੋ ਸਾਰੀਆਂ (ਦਲੀ) ਫ਼ੌਜਾਂ ਵਾਲੇ ਹਨ॥੧੧੦॥

**ਕਿ ਸਰਬਤ੍ਰ ਮਾਨਜੈ॥ ਕਿ ਸਰਬਤ੍ਰ ਦਾਨਜੈ॥**
**ਕਿ ਸਰਬਤ੍ਰ ਗਉਨੈ॥ ਕਿ ਸਰਬਤ੍ਰ ਭਉਨੈ॥੧੧੧॥**

*ਭਾਵਾਰਥ:-* ਜੋ ਸਾਰਿਆਂ ਲਈ ਮੰਨਣ ਯੋਗ ਹੈ। ਜੋ ਸਾਰਿਆਂ ਲਈ ਦਾਨ ਦੇਣ ਯੋਗ ਹਨ। ਜੋ ਸਾਰਿਆਂ ਵਿੱਚ (ਗਉਨੈ) ਵਿਆਪਕ ਹੈ। ਜੋ ਸਾਰਿਆਂ (ਭਉਨੈ) ਧਾਮਾਂ, ਮੰਦਰਾਂ ਵਿੱਚ ਹੈ॥੧੧੧॥

**ਕਿ ਸਰਬਤ੍ਰ ਦੇਸੈ॥ ਕਿ ਸਰਬਤ੍ਰ ਭੇਸੈ॥**
**ਕਿ ਸਰਬਤ੍ਰ ਰਾਜੈ॥ ਕਿ ਸਰਬਤ੍ਰ ਸਾਜੈ॥੧੧੨॥**

*ਭਾਵਾਰਥ:-* ਜੋ ਸਾਰਿਆਂ (ਦੇਸੈ) ਅੰਗਾਂ ਵਿੱਚ ਹਨ। ਜੋ ਸਾਰਿਆਂ ਭੇਖਾਂ ਵਿੱਚ ਹਨ। ਜੋ ਸਾਰਿਆਂ ਵਿੱਚ (ਰਾਜੈ) ਬਿਰਾਜਦੇ ਹਨ। ਜੋ ਸਾਰਿਆਂ ਨੂੰ ਸਾਜਦੇ ਹਨ॥੧੧੨॥

**ਕਿ ਸਰਬਤ੍ਰ ਦੀਨੈ॥ ਕਿ ਸਰਬਤ੍ਰ ਲੀਨੈ॥**
**ਕਿ ਸਰਬਤ੍ਰ ਜਾ ਹੋ॥ ਕਿ ਸਰਬਤ੍ਰ ਭਾ ਹੋ॥੧੧੩॥**

*ਭਾਵਾਰਥ:-* ਜੋ ਸਾਰਿਆਂ (ਦੀਨੈ) ਮਜ਼ਹਬਾਂ ਵਾਲੇ ਹਨ। ਜੋ ਸਾਰਿਆਂ ਵਿੱਚ (ਲੀਨੈ) ਮਿਲੇ ਹੋਏ ਹਨ। ਜੋ ਸਾਰਿਆਂ (ਜਾ ਹੋ) ਥਾਂਵਾਂ ਵਿੱਚ ਹਨ। ਜੋ ਸਾਰਿਆਂ (ਭਾ ਹੋ) ਭਾਵਾਂ ਵਿੱਚ ਹਨ॥੧੧੩॥

**ਕਿ ਸਰਬਤ੍ਰ ਦੇਸੈ॥ ਕਿ ਸਰਬਤ੍ਰ ਭੇਸੈ॥**
**ਕਿ ਸਰਬਤ੍ਰ ਕਾਲੈ॥ ਕਿ ਸਰਬੱਤ੍ਰ ਪਾਲੈ॥੧੧੪॥**

*ਭਾਵਾਰਥ:-* ਜੋ ਸਾਰਿਆਂ ਦੇਸਾਂ ਵਾਲੇ ਹਨ। ਜੋ ਸਾਰਿਆਂ ਲਿਬਾਸਾਂ ਵਾਲੇ ਹਨ। ਜੋ ਸਭ ਸਮਿਆਂ ਵਾਲੇ ਹਨ। ਜੋ ਸਾਰਿਆਂ ਨੂੰ ਪਾਲਣ ਵਾਲੇ ਹਨ॥੧੧੪॥

**ਕਿ ਸਰਬਤ੍ਰ ਹੰਤਾ॥ ਕਿ ਸਰਬਤ੍ਰ ਗੰਤਾ॥**
**ਕਿ ਸਰਬਤ੍ਰ ਭੇਖੀ॥ ਕਿ ਸਰਬਤ੍ਰ ਪੇਖੀ॥੧੧੫॥**

*ਭਾਵਾਰਥ:-* ਜੋ ਸਾਰਿਆਂ ਨੂੰ ਮਾਰਨ ਵਾਲੇ ਹਨ। ਜੋ ਸਾਰਿਆਂ ਵਿੱਚ (ਗੰਤਾ) ਵਿਆਪਕ ਹਨ। ਜੋ ਸਾਰਿਆਂ ਭੇਖਾਂ ਵਾਲਾ ਹੈ। ਜੋ ਸਭ ਨੂੰ ਵੇਖਣ ਵਾਲਾ ਹੈ॥੧੧੫॥

**ਕਿ ਸਰਬਤ੍ਰ ਕਾਜੈ॥ ਕਿ ਸਰਬਤ੍ਰ ਰਾਜੈ॥**
**ਕਿ ਸਰਬਤ੍ਰ ਸੋਖੈ॥ ਕਿ ਸਰਬਤ੍ਰ ਪੋਖੈ॥੧੧੬॥**

*ਭਾਵਾਰਥ:-* ਜੋ ਸਾਰਿਆਂ (ਕਾਜੈ) ਵਾਸਤੇ ਹਨ। ਜੋ ਸਾਰਿਆਂ ਦੇ ਰਾਜੇ ਹਨ। ਜੋ ਸਭ ਨੂੰ ਸੁਕਾਉਣ (ਨਾਸ ਕਰਨ) ਵਾਲੇ ਹਨ। ਜੋ ਸਾਰਿਆਂ ਨੂੰ (ਪੋਖੈ) ਪੁਸ਼ਟ, ਮਜ਼ਬੂਤ, ਤਕੜਾ ਕਰਨ ਵਾਲੇ ਹਨ॥੧੧੬॥

**ਕਿ ਸਰਬਤ੍ਰ ਤ੍ਰਾਣੈ॥ ਕਿ ਸਰਬਤ੍ਰ ਪ੍ਰਾਣੈ॥**
**ਕਿ ਸਰਬਤ੍ਰ ਦੇਸੈ॥ ਕਿ ਸਰਬਤ੍ਰ ਭੇਸੈ॥੧੧੭॥**

*ਭਾਵਾਰਥ:-* ਜੋ ਸਭ ਦੇ (ਤ੍ਰਾਣੈ) ਰੱਖਿਅਕ ਹਨ। ਜੋ ਸਭ ਦੇ (ਪ੍ਰਾਣ) ਜੀਵਨ ਹਨ। ਜੋ ਸਭ ਦਾ ਦੇਸ਼ ਹਨ। ਜੋ ਸਭ ਦਾ ਪਰਦਾ ਰੱਖਣ ਵਾਲੇ ਹਨ॥੧੧੭॥

**ਕਿ ਸਰਬਤ੍ਰ ਮਾਨਜੈ॥ ਸਦੈਵੰ ਪ੍ਰਧਾਨਜੈ॥**
**ਕਿ ਸਰਬਤ੍ਰ ਜਾਪਜੈ॥ ਕਿ ਸਰਬਤ੍ਰ ਥਾਪਜੈ॥੧੧੮॥**

*ਭਾਵਾਰਥ:-* ਜੋ ਸਭ ਨੂੰ ਮੰਨਣ ਯੋਗ ਹਨ। ਜੋ ਸਦਾ ਹੀ ਪ੍ਰਧਾਨਤਾ ਯੋਗ ਹਨ। ਜੋ ਸਭ ਨੂੰ ਜਪਣ ਯੋਗ ਹਨ। ਜੋ ਸਭ ਨੂੰ (ਥਾਪਜੈ) ਪੂਜਣ ਯੋਗ ਹਨ॥੧੧੮॥

**ਕਿ ਸਰਬਤ੍ਰ ਭਾਨੈ॥ ਕਿ ਸਰਬਤ੍ਰ ਮਾਨੈ॥**
**ਕਿ ਸਰਬਤ੍ਰ ਇੰਦ੍ਰੈ॥ ਕਿ ਸਰਬਤ੍ਰ ਚੰਦ੍ਰੈ॥੧੧੯॥**

*ਭਾਵਾਰਥ:-* ਜੋ ਸਭ ਨੂੰ (ਭਾਨੈ) ਪ੍ਰਤੀਤ ਹੁੰਦੇ ਹਨ। ਜੋ ਸਭ ਦਾ ਮਾਣ ਹਨ। ਜੋ ਸਭ ਦੇ (ਇੰਦ੍ਰੈ) ਰਾਜੇ ਹਨ। ਜੋ ਸਾਰਿਆਂ ਦੇ (ਚੰਦ੍ਰੈ) ਸੁਹਣੇ ਹਨ॥੧੧੯॥

**ਕਿ ਸਰਬੰ ਕਲੀਮੈ॥ ਕਿ ਪਰਮੰ ਫਹੀਮੈ॥**
**ਕਿ ਆਕਲ ਅਲਾਮੈ॥ ਕਿ ਸਾਹਿਬ ਕਲਾਮੈ॥੧੨੦॥**

*ਭਾਵਾਰਥ:-* ਜੋ ਸਾਰਿਆਂ (ਕਲੀਮੈ) ਦੇਸ਼ਾਂ ਵਾਲੇ ਹਨ। ਜੋ ਮਹਾਨ (ਫਹੀਮੈ) ਅਕਲਮੰਦ ਹਨ। ਜੋ (ਆਕਲ) ਬੁੱਧੀਵਾਨਾਂ ਦੇ (ਅਲਾਮੈ) ਝੰਡੇ ਨੇ ਅਥਵਾ ਆਲਮ (ਸੰਸਾਰ) 'ਚੋਂ ਬੁੱਧੀਵਾਨ ਹਨ। ਜੋ (ਕਲਾਮ) ਬਾਣੀਆਂ ਦੇ ਮਾਲਕ ਹਨ॥੧੨੦॥

**ਕਿ ਹੁਸਨੁਲ ਵਜੂ ਹੈਂ॥ ਤਮਾਮੁਲ ਰੁਜੂ ਹੈਂ॥**
**ਹਮੇਸੁਲ ਸਲਾਮੈ॥ ਸਲੀਖਤ ਮੁਦਾਮੈ॥੧੨੧॥**

*ਭਾਵਾਰਥ:-* ਜੋ (ਵਜੂ) ਮੂੰਹਾਂ ਦਾ (ਹੁਸਨ) ਨੂਰ ਹਨ। ਜੋ ਸਭ ਦੇ (ਰੁਜੂ) ਚਾਹਵਾਨ ਹਨ। ਜੋ ਸਦਾ (ਸਲਾਮੈ) ਕਾਇਮ ਹਨ। ਜੋ (ਮੁਦਾਮੈ) ਸਦਾ (ਸਲੀਖਤ) ਔਲਾਦ ਵਾਲਾ ਹੈ॥੧੨੧॥

**ਗਨੀਮੁਲ ਸਿਕਸਤੈ॥ ਗਰੀਬੁਲ ਪਰਸਤੈ॥**
**ਬਿਲੰਦੁਲ ਮਕਾਨੈ॥ ਜਿਮੀਨੁਲ ਜਮਾਨੈ॥੧੨੨॥**

*ਭਾਵਾਰਥ:-* (ਗਨੀਮ) ਅਹੰਕਾਰੀਆਂ ਨੂੰ (ਸਿਕਸਤੈ) ਹਾਰ ਦੇਣ ਵਾਲਾ। ਗਰੀਬਾਂ ਨੂੰ ਪਾਲਣ ਵਾਲਾ। ਜੋ ਜ਼ਮੀਨ ਅਤੇ (ਜਮਾਨੈ) ਆਸਮਾਨ ਰੂਪ ਉੱਚੇ ਮਕਾਨ ਵਾਲਾ ਹੈ॥੧੨੨॥

**ਤਮੀਜੁਲ ਤਮਾਮੈ॥ ਰੁਜੂਅਲ ਨਿਧਾਨੈ॥**
**ਹਰੀਫੁਲ ਅਜੀਮੈ॥ ਰਜਾਇਕ ਯਕੀਨੈ॥੧੨੩॥**

*ਭਾਵਾਰਥ:-* ਜੋ ਸਭ ਦੀ (ਤਮੀਜ) ਅਕਲ ਹੈ। (ਰੁਜੂ) ਕਾਮਨਾਵਾਂ ਦੀ (ਨਿਧਾਨੈ) ਲੀਨਤਾ ਹੈ। (ਅਜੀਮੈ) ਵੱਡਿਆਂ ਦਾ (ਹਰੀਫ) ਵੈਰੀ ਹੈ। (ਯਕੀਨੈ) ਠੀਕ ਹੀ (ਰਜ਼ਾਇਕ) ਰਿਜ਼ਕ ਦੇਣ ਵਾਲਾ ਹੈ॥੧੨੩॥

**ਅਨੇਕੁਲ ਤਰੰਗ ਹੈਂ॥ ਅਭੇਦ ਹੈਂ ਅਭੰਗ ਹੈਂ॥**
**ਅਜੀਜੁਲ ਨਿਵਾਜ ਹੈਂ॥ ਗਨੀਮੁਲ ਖਿਰਾਜ ਹੈਂ॥੧੨੪॥**

*ਭਾਵਾਰਥ:-* ਜੋ ਅਨੇਕ ਜੀਵਾਂ ਦਾ (ਤਰੰਗ) ਲਹਿਰ, ਮਨੋਭਾਵ ਹੈ। ਭੇਦ ਰਹਿਤ ਅਤੇ ਅਵਿਨਾਸ ਹਨ। (ਅਜ਼ੀਜ਼) ਪਿਆਰਿਆਂ ਦੇ (ਨਿਵਾਜ) ਥਾਪਕ ਹਨ। ਅਹੰਕਾਰੀਆਂ ਨੂੰ (ਖਿਰਾਜ) ਖਾਰਜ ਕਰਨ ਵਾਲੇ ਹਨ॥੧੨੪॥

**ਨਿਰੁਕਤ ਸਰੂਪ ਹੈਂ॥ ਤ੍ਰਿਮੁਕਤਿ ਬਿਭੂਤਿ ਹੈਂ॥**
**ਪ੍ਰਭੁਗਤਿ ਪ੍ਰਭਾ ਹੈਂ॥ ਸੁਜੁਗਤਿ ਸੁਧਾ ਹੈਂ[੧]॥੧੨੫॥**

*ਭਾਵਾਰਥ:-* ਜੋ (ਨਿਰੁਕਤ) ਅਕੱਥ ਮਈ ਹਨ। ਜੋ (ਤ੍ਰਿਮੁਕਤਿ) ਤਿੰਨੇ ਗੁਣਾਂ ਤੋਂ ਰਹਿਤ (ਬਿਭੂਤਿ) ਸਮੱਗਰੀ ਵਾਲੇ ਹਨ। ਜੋ (ਪ੍ਰਭੁਗਤਿ) ਖਾਣ ਵਾਲੇ ਪਦਾਰਥਾਂ ਦੀ (ਪ੍ਰਭਾ) ਚਮਕ ਹਨ। ਜੋ ਉੱਤਮ ਯੁਕਤੀ ਰੂਪ (ਸੁਧਾ) ਅੰਮ੍ਰਿਤ ਹਨ॥੧੨੫॥

**ਸਦੈਵੰ ਸਰੂਪ ਹੈਂ॥ ਅਭੇਦੀ ਅਨੂਪ ਹੈਂ॥**
**ਸਮਸਤੋਪਰਾਜ ਹੈਂ॥ ਸਦਾ ਸਰਬ ਸਾਜ ਹੈਂ॥੧੨੬॥**

*ਭਾਵਾਰਥ:-* ਜੋ (ਸਦੈਵੰ) ਨਿਤਯ ਮਈ ਹਨ। ਜੋ ਭੇਦ ਰਹਿਤ ਅਤੇ ਉਪਮਾ ਰਹਿਤ ਹਨ। ਜੋ ਸਭ ਨੂੰ ਪੈਦਾ ਕਰਨ ਵਾਲੇ ਹਨ। ਜੋ ਹਮੇਸ਼ਾ ਹੀ ਸਭ ਨੂੰ ਸਾਜਦੇ ਹਨ॥੧੨੬॥

**ਸਮਸਤੁਲ ਸਲਾਮ ਹੈਂ॥ ਸਦੈਵੁਲ ਅਕਾਮ ਹੈਂ॥**
**ਨਿਰਬਾਧ ਸਰੂਪ ਹੈਂ॥ ਅਗਾਧ ਹੈਂ ਅਨੂਪ ਹੈਂ॥੧੨੭॥[੨]**

*ਭਾਵਾਰਥ:-* ਜੋ ਸਭ ਦੇ (ਸਲਾਮ) ਰੱਖਿਅਕ ਹਨ। ਜੋ ਸਦਾ ਤੋਂ ਹੀ ਕਾਮ ਰਹਿਤ ਹਨ। ਜੋ (ਨਿਰਬਾਧ) ਅਮਰ ਰੂਪ ਹਨ। ਜੋ ਗੰਭੀਰ ਅਤੇ ਉਪਮਾ ਰਹਿਤ ਹਨ॥੧੨੭॥

**ਓਅੰ ਆਦਿ ਰੂਪੇ॥ ਅਨਾਦੰ ਸਰੂਪੇ॥**
**ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥੧੨੮॥**

*ਭਾਵਾਰਥ:-* ਜੋ ਓਅੰ (ਆਦਿ) ਵਗੈਰਾ ਰੂਪਾਂ ਵਾਲੇ ਹਨ[੩]। ਜੋ ਅਨਾਦਿ ਰੂਪ ਹਨ। ਜੋ ਅੰਗ (ਸਰੀਰ) ਰਹਿਤ ਅਤੇ ਨਾਮ ਰਹਿਤ ਹਨ। ਜੋ (ਤ੍ਰਿਭੰਗੀ) ਕ੍ਰਿਸ਼ਨ ਰੂਪ ਅਤੇ (ਤ੍ਰਿਕਾਮ) ਤਿੰਨਾਂ ਲੋਕਾਂ ਦੇ ਪਿਆਰੇ ਹਨ॥੧੨੮॥

**ਤ੍ਰਿਬਰਗੰ ਤ੍ਰਿਬਾਧੇ॥ ਅਗੰਜੇ ਅਗਾਧੇ॥**
**ਸੁਭੰ ਸਰਬ ਭਾਗੇ॥ ਸੁਸਰਬਾਨੁਰਾਗੇ[੪]॥੧੨੯॥**

---

[੧] ਐਂਗਲੋ ਸੰਸਕ੍ਰਿਤ ਛਾਪਾਖਾਨਾ ਲਾਹੌਰ ਦੀਆਂ ਛਪੀਆਂ ਪੋਥੀਆਂ ਵਿੱਚ 'ਸੁਦਾ ਹੈਂ' ਪਾਠ ਛਪਿਆ ਹੋਇਆ ਹੈ, ਵੇਖੋ ਸਫ਼ਾ ੬।

[੨] ਭਗਵਤੀ ਛੰਦ ਨੂੰ ਮਹਾਨ ਕੋਸ਼ ਵਿੱਚ ਦੋ ਸਰੂਪ ਵਾਲਾ ਲਿਖਿਆ ਹੈ ਕਿ ਇੱਕ ੧੦ ਮਾਤ੍ਰਿਕ ਅਤੇ ਦੂਜਾ ੧੧ ਮਾਤ੍ਰਿਕ ਮੰਨਿਆ ਹੋਇਆ ਹੈ ਪਰ ਏਥੇ ਆ ਕੇ ਏਸ ਤੁਕ ਵਿੱਚ ੧੨ ਮਾਤ੍ਰਾ ਹੋ ਗਈਆਂ ਹਨ, ਹੁਣ ਕੀ ਕੀਤਾ ਜਾਵੇ? ਕਿਹੜਾ ਨਿਯਮ ਥਾਪਿਆ ਜਾਵੇ? ਮੇਰੀ ਵਿਚਾਰ ਤਾਂ ਇਹਨਾਂ ਨੂੰ ਲਿਖਾਰੀਆਂ ਦੀਆਂ ਭੁੱਲਾਂ ਹੀ ਮੰਨਦੀ ਹੈ।

[੩] ਵੇਦਾਂ ਵਿੱਚ 'ਓਅੰ' ਦਾ ਪਾਠ ਹਰੇਕ ਮੰਤਰ ਦੇ ਸਿੱਧ ਕਰਨ ਲਈ ਪਹਿਲੋਂ ਉਚਾਰਨ ਦਾ ਵਿਧਾਨ ਹੈ। 'ਓਅੰ' ਨੂੰ ਲਿਖ ਵੀ ਉਪਾਸਨਾ ਕਰਨੀ ਲਿਖੀ ਹੋਈ ਹੈ, ਸੋ ਮੂਰਤਿ ਹੀ ਬਣ ਜਾਂਦੀ ਹੈ, ਉਪਨਿਸ਼ਦਾਂ ਵਿੱਚ ਏਸ ਦੀ ਮਹਾਨ ਮਹਿਮਾ ਲਿਖੀ ਹੋਈ ਹੈ।

[੪] ਸ. ਬ. ਕਾਨ੍ਹ ਸਿੰਘ ਜੀ ਨਾਭਾ ਨੇ ਇਹ ਪਾਠ ਗੁਰਮਤ ਸੁਧਾਕਰ ਵਿੱਚ ਲਿਖਿਆ ਹੋਇਆ ਹੈ।

*ਭਾਵਾਰਥ:-* ਜੋ (ਤ੍ਰਿ ਵਰਗ) ਅਰਥ, ਧਰਮ, ਕਾਮ ਨੂੰ (ਤ੍ਰਿ) ਭਲੀ ਪ੍ਰਕਾਰ ਨਾਸ ਕਰਨ ਵਾਲੇ ਹਨ। ਜੋ (ਅਗੰਜੇ) ਲਾਮਕਾਨ ਅਤੇ ਗੰਭੀਰ ਹਨ। ਸਾਰਿਆਂ ਦੇ (ਭਾਗ) ਮੱਥੇ ਤੇ ਸੋਹੰਦਾ ਹੈ। ਉਹ ਸਭ ਦਾ ਪ੍ਰੇਮ ਰੂਪ ਹੈ॥੧੨੯॥

**ਤ੍ਰਿਭੁਗਤ ਸਰੂਪ ਹੈਂ॥ ਅਛਿਜ ਹੈਂ ਅਛੂਤ ਹੈਂ॥**

**ਕਿ ਨਰਕੰ ਪ੍ਰਣਾਸ ਹੈਂ॥ ਪ੍ਰਿਥੀਉਲ ਪ੍ਰਵਾਸ ਹੈਂ॥੧੩੦॥**

*ਭਾਵਾਰਥ:-* ਜੋ ਤਿੰਨ ਤਰ੍ਹਾਂ ਦੇ ਪਦਾਰਥ (ਰਜੋ, ਤਮੋ ਅਤੇ ਸਤੋ ਗੁਣੀ ਭੋਜਨ) ਸਰੂਪ ਹਨ। ਜੋ (ਅਛਿਜ) ਕਮਜ਼ੋਰੀ ਤੋਂ ਬਿਨਾਂ ਹਨ ਅਤੇ (ਅਛੂਤ) ਸਪਰਸ਼ ਰਹਿਤ ਹਨ। ਜੋ ਨਰਕ ਨੂੰ ਨਾਸ ਕਰਨ ਵਾਲੇ ਹਨ। ਜੋ ਸਾਰੀ ਧਰਤੀ ਦੇ ਨਿਵਾਸੀ ਹਨ॥੧੩੦॥

**ਨਿਰੁਕਤ ਪ੍ਰਭਾ ਹੈਂ॥ ਸਦੈਵੰ ਸਦਾ ਹੈਂ॥**

**ਬਿਭੁਗਤ ਸਰੂਪ ਹੈਂ॥ ਪ੍ਰਜੁਗਤ ਅਨੂਪ ਹੈਂ॥੧੩੧॥**

*ਭਾਵਾਰਥ:-* ਜੋ ਅਕਹਿ ਸੋਭਾ ਵਾਲੇ ਹਨ। ਜੋ ਹਮੇਸ਼ ਦਰ ਹਮੇਸ਼ ਹਨ। ਜੋ (ਬਿਭੁਗਤ) ਰੋਜ਼ੀ ਰੂਪ ਹਨ। ਜੋ (ਅਨੂਪ) ਸੁੰਦਰਤਾ (ਪ੍ਰਜੁਗਤ) ਸਹਿਤ ਹਨ॥੧੩੧॥

**ਨਿਰੁਕਤ ਸਦਾ ਹੈਂ॥ ਬਿਭੁਗਤਿ ਪ੍ਰਭਾ ਹੈਂ॥**

**ਅਨੁਕਤ ਸਰੂਪ ਹੈਂ॥ ਪ੍ਰਜੁਗਤ ਅਨੂਪ ਹੈਂ॥੧੩੨॥**

*ਭਾਵਾਰਥ:-* ਜੋ ਹਮੇਸ਼ਾ ਹੀ (ਨਿਰੁਕਤ) ਨਿਰਵਿਵਾਦ ਹਨ। ਜੋ (ਬਿਭੁਗਤਿ) ਅਖੰਡ ਸ਼ੋਭਾ ਰੂਪ ਹਨ । ਜੋ ਅਕਥ ਸਰੂਪ ਹਨ। ਜੋ ਸੁੰਦਰਤਾ ਸਹਿਤ ਹਨ॥੧੩੨॥

**ਚਾਚਰੀ ਛੰਦ॥**

**ਅਭੰਗ ਹੈਂ॥ ਅਨੰਗ ਹੈਂ॥ ਅਭੇਖ ਹੈਂ॥ ਅਲੇਖ ਹੈਂ॥੧੩੩॥**

*ਭਾਵਾਰਥ:-* ਜੋ ਵਿਘਨ ਰਹਿਤ ਹਨ। ਸਰੀਰ ਰਹਿਤ ਹਨ। ਭੇਖ ਰਹਿਤ ਹਨ। (ਲੇਖ) ਕਰਮ ਰਹਿਤ ਹਨ॥੧੩੩॥

**ਅਭਰਮ ਹੈਂ॥ ਅਕਰਮ ਹੈਂ॥ ਅਨਾਦਿ ਹੈਂ॥ ਜੁਗਾਦਿ ਹੈਂ॥੧੩੪॥**

*ਭਾਵਾਰਥ:-* ਭਰਮ ਬਿਨਾਂ ਹਨ। ਕਰਮ (ਯਥਾਕ੍ਰਮ) ਬਿਨਾਂ ਹਨ। (ਅਨਾਦਿ) ਹਮੇਸ਼ਾ ਤੋਂ ਹਨ। ਯੁਗਾਂ ਤੋਂ ਵੀ ਪਹਿਲੇ ਦੇ ਹਨ॥੧੩੪॥

**ਅਜੈ ਹੈਂ॥ ਅਬੈ ਹੈਂ॥ ਅਭੂਤ ਹੈਂ॥ ਅਧੂਤ ਹੈਂ॥੧੩੫॥**

*ਭਾਵਾਰਥ:-* ਅਜਿੱਤ ਹਨ॥ ਅਵਿਨਾਸੀ ਹਨ। ਤੱਤਾਂ ਬਿਨਾਂ ਹਨ। (ਅਧੂਤ) ਨਿਰਭੈ ਹਨ॥੧੩੫॥

**ਅਨਾਸ ਹੈਂ॥ ਉਦਾਸ ਹੈਂ॥ ਅਧੰਧ ਹੈਂ॥ ਅਬੰਧ ਹੈਂ॥੧੩੬॥**

*ਭਾਵਾਰਥ:-* ਆਸਾ ਰਹਿਤ ਹਨ। ਆਸਾ ਪੈਦਾ ਕਰਨ ਵਾਲੇ ਹਨ। ਧੰਧੇ ਬਿਨਾਂ ਹਨ। ਬੰਧਨ ਤੋਂ ਬਿਨਾਂ ਹਨ॥੧੩੬॥

**ਅਭਗਤ ਹੈਂ॥ ਬਿਰਕਤ ਹੈਂ॥ ਅਨਾਸ ਹੈਂ॥ ਪ੍ਰਕਾਸ ਹੈਂ॥੧੩੭॥**

*ਭਾਵਾਰਥ:-* ਹਿੱਸਿਆਂ ਤੋਂ ਬਿਨਾਂ ਹਨ। ਪ੍ਰੀਤ ਬਿਨਾਂ ਹਨ। ਆਸ ਰਹਿਤ ਹਨ। ਪ੍ਰਕਾਸ਼ ਰੂਪ ਹਨ॥੧੩੭॥

**ਨਿਚਿੰਤ ਹੈਂ॥ ਸੁਨਿੰਤ ਹੈਂ॥ ਅਲਿਖ ਹੈਂ॥ ਅਦਿਖ ਹੈਂ॥੧੩੮॥**

*ਭਾਵਾਰਥ:-* ਚਿੰਤਾ ਬਿਨਾਂ ਹਨ। ਸੁਣਨ ਵਾਲੇ ਹਨ। ਲਿਖਣ ਤੋਂ ਬਿਨਾਂ ਹਨ। ਦਿਸਣ ਬਿਨਾਂ ਹਨ॥੧੩੮॥

**ਅਲੇਖ ਹੈਂ॥ ਅਭੇਖ ਹੈਂ॥ ਅਢਾਹ ਹੈਂ॥ ਅਗਾਹ ਹੈਂ॥੧੩੯॥**

*ਭਾਵਾਰਥ:-* (ਲੇਖ) ਕਰਮ ਰਹਿਤ ਹਨ। ਭੇਖਾ ਤੋਂ ਬਿਨਾਂ ਹਨ। (ਢਾਹ) ਕਮਜ਼ੋਰੀ ਬਿਨਾਂ ਹਨ। (ਗਾਹ) ਸਮਝਣ ਯੋਗ ਨਹੀਂ ਹਨ॥੧੩੯॥

**ਅਸੰਭ ਹੈਂ॥ ਅਗੰਭ ਹੈਂ॥ ਅਨੀਲ ਹੈਂ॥ ਅਨਾਦਿ ਹੈਂ॥੧੪੦॥**

*ਭਾਵਾਰਥ:-* ਪੈਦਾਇਸ਼ ਤੋਂ ਬਿਨਾਂ ਹਨ। (ਅਭੰਗ) ਗੰਭੀਰ ਹਨ। ਕਾਲੇ ਨਹੀਂ ਹਨ। ਆਦਿ (ਮੁੱਢ) ਰਹਿਤ ਹਨ॥੧੪੦॥

**ਅਨਿਤ ਹੈਂ॥ ਸੁਨਿਤ ਹੈਂ॥ ਅਜਾਤਿ ਹੈਂ॥ ਅਜਾਦਿ ਹੈਂ॥੧੪੧॥**

*ਭਾਵਾਰਥ:-* ਤੂੰ ਕਿਸੇ ਦਾ ਮੁੱਕਰਰ ਕੀਤਾ ਨਹੀਂ ਹੈਂ। ਤੂੰ ਮਨ ਇੰਦਰੀਆਂ ਦੇ ਰੋਕਣ ਵਾਲਾ ਹੈਂ। ਜਾਤ ਰਹਿਤ ਹਨ। ਪੁੱਤਰ ਰਹਿਤ ਹਨ॥੧੪੧॥

**ਚਰਪਟ ਛੰਦ॥ ਤ੍ਵ ਪ੍ਰਸਾਦਿ॥**

**ਸਰਬੰ ਹੰਤਾ॥ ਸਰਬੰ ਗੰਤਾ॥ ਸਰਬੰ ਖਜਾਤਾ॥ ਸਰਬੰ ਗਜਾਤਾ॥੧੪੨॥**

*ਭਾਵਾਰਥ:-* ਜੋ ਪ੍ਰਭੂ ਸਭ ਨੂੰ ਮਾਰਦਾ ਹੈ। ਸਭ ਵਿੱਚ (ਗੰਤਾ) ਵਿਚਰਦਾ ਹੈ। ਸਾਰਿਆਂ ਵਿੱਚ (ਖਿਆਤਾ) ਪ੍ਰਸਿੱਧ ਹੈ। ਸਾਰਿਆਂ ਦਾ (ਗਿਆਤਾ) ਜਾਣੂ ਹੈ॥੧੪੨॥

**ਸਰਬੰ ਹਰਤਾ॥ ਸਰਬੰ ਕਰਤਾ॥ ਸਰਬੰ ਪ੍ਰਾਣੰ॥ ਸਰਬੰ ਤ੍ਰਾਣੰ॥੧੪੩॥**

*ਭਾਵਾਰਥ:-* ਸਭ ਦਾ ਨਾਸ ਕਰਨ ਵਾਲਾ ਹੈ। ਸਭ ਨੂੰ ਪੈਦਾ ਕਰਨ ਵਾਲਾ ਹੈ। ਸਾਰਿਆਂ ਦਾ ਜੀਵਨ ਹੈ। ਸਾਰਿਆਂ ਦਾ (ਤ੍ਰਾਣੰ) ਰੱਖਿਅਕ ਹੈ॥੧੪੩॥

**ਸਰਬੰ ਕਰਮੰ॥ ਸਰਬੰ ਧਰਮੰ॥ ਸਰਬੰ ਜੁਗਤਾ॥ ਸਰਬਾ ਮੁਕਤਾ॥੧੪੪॥**

*ਭਾਵਾਰਥ:-* ਸਾਰਿਆਂ ਦਾ (ਕਰਮ) ਕਰਨ ਯੋਗ ਹੈ। ਸਾਰਿਆਂ ਲਈ (ਧਰਮ) ਧਾਰਨ ਯੋਗ ਹੈ। ਸਾਰਿਆਂ ਨਾਲ (ਜੁਗਤਾ) ਲੱਗਾ ਹੋਇਆ ਹੈ। ਸਾਰਿਆਂ ਤੋਂ (ਮੁਕਤਾ) ਅੱਡਰਾ ਹੈ॥੧੪੪॥

**ਰਸਾਵਲ ਛੰਦ[੧]॥ ਤ੍ਵ ਪ੍ਰਸਾਦਿ॥**

**ਨਮੋ ਨਰਕ ਨਾਸੇ॥ ਸਦੈਵੰ ਪ੍ਰਕਾਸੇ॥ ਅਨੰਗੰ ਸਰੂਪੇ॥ ਅਭੰਗੰ ਬਿਭੂਤੇ॥੧੪੫॥**

*ਭਾਵਾਰਥ:-* (ਨਰਕ) ਮਨੁੱਖ ਦੇ ਦੁੱਖ ਨਾਸ ਕਰਨ ਵਾਲੇ ਨੂੰ ਨਮਸਕਾਰ। ਜੋ ਸਦਾ ਹੀ ਚਮਕਦਾ ਹੈ। (ਅਨੰਗੰ) ਕਾਮਦੇਵ ਵਾਂਗ ਸੁੰਦਰ ਸਰੂਪ ਵਾਲਾ ਹੈ। (ਅਭੰਗ) ਅਵਿਨਾਸ (ਬਿਭੂਤਿ) ਮਾਇਆ ਵਾਲਾ ਹੈ॥੧੪੫॥

**ਪ੍ਰਮਾਥੰ ਪ੍ਰਮਾਥੇ॥ ਸਦਾ ਸਰਬ ਸਾਥੇ॥ ਅਗਾਧਿ ਸਰੂਪੇ॥ ਨ੍ਰਿਬਾਧ ਬਿਭੂਤੇ॥੧੪੬॥**

*ਭਾਵਾਰਥ:-* ਜੋ (ਪ੍ਰਮਾਥੰ) ਰਿੜਕਣ ਵਾਲਿਆਂ ਭਾਵ ਜ਼ਾਲਮਾਂ ਦਾ ਵੀ ਰਿੜਕਣ ਵਾਲਾ ਹੈ। ਹਮੇਸ਼ਾ ਸਾਰਿਆਂ ਦੇ ਨਾਲ ਹੈ। ਗੰਭੀਰ (ਸਰੂਪੇ) ਭਾਵ ਵਾਲਾ ਹੈ। ਅਮਰ ਵੈਭਵ ਵਾਲਾ ਹੈ॥੧੪੬॥

**ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥ ਨ੍ਰਿਭੰਗੀ ਸਰੂਪੇ॥ ਸਰਬੰਗੀ ਅਨੂਪੇ॥੧੪੭॥**

---

[੧] ਇਹ ਅਰਧ ਭੁਜੰਗ ਦਾ ਹੀ ਨਾਮ ਹੈ।

*ਭਾਵਾਰਥ:-* ਜੋ ਬਿਨਾਂ ਸਰੀਰ ਅਤੇ ਬਿਨਾਂ ਨਾਮ ਤੋਂ ਹੈ। ਤਿੰਨ ਵਲਾਂ ਵਾਲਾ (ਤ੍ਰਿ) ਤਿੰਨਾਂ ਕਾਮਨਾ ਭਾਵ ਰਜ, ਤਮ, ਸਤ ਵਾਲਾ ਹੈ। ਅਵਿਨਾਸੀ ਸਰੂਪ ਹੈ। ਸਾਰਿਆਂ ਪਾਸਿਆਂ ਤੋਂ (ਅਨੂਪ) ਸੁਹਣਾ ਹੈ॥੧੪੭॥

**ਨ ਪੋਤ੍ਰੈ ਨ ਪੁਤ੍ਰੈ॥ ਨ ਸਤ੍ਰੈ ਨ ਮਿਤ੍ਰੈ॥ ਨ ਤਾਤੈ ਨ ਮਾਤੈ॥ ਨ ਜਾਤੈ ਨ ਪਾਤੈ॥੧੪੮॥**

*ਭਾਵਾਰਥ:-* (ਜੀਹਦਾ) ਨਾ ਪੋਤ੍ਰਾ ਹੈ, ਨਾ ਪੁੱਤਰ ਹੈ। ਨਾ ਦੁਸ਼ਮਣ ਹੈ, ਨਾ ਸੱਜਣ ਹੈ। ਨਾ (ਤਾਤੈ) ਪਿਉ ਹੈ, ਨਾ ਮਾਂ ਹੈ। ਨਾ ਜਾਤ ਹੈ, ਨਾ (ਪਾਤ) ਵਰਣ, ਆਸ਼ਰਮ ਹੈ॥੧੪੮॥

**ਨ੍ਰਿਸਾਕੰ ਸਰੀਕ ਹੈਂ॥ ਅਮਿਤੋ ਅਮੀਕ ਹੈਂ**[1]**॥**
**ਸਦੈਵੰ ਪ੍ਰਭਾ ਹੈਂ॥ ਅਜੈ ਹੈਂ ਅਜਾ ਹੈਂ॥੧੪੯॥**

*ਭਾਵਾਰਥ:-* ਜੋ (ਸਾਕ) ਸੰਬੰਧ ਤੋਂ ਬਿਨਾਂ ਹੀ (ਸਰੀਕ) ਹਿੱਸੇਦਾਰ ਹੈ। ਬੇਅੰਤ ਅਤੇ (ਅਮੀਕ) ਗੰਭੀਰ ਹੈ। ਜੋ ਸਦਾ ਹੀ ਪ੍ਰਕਾਸ਼ ਮਈ ਹੈ। ਜੋ (ਅਜੈ) ਅਮਰਨ ਹੈ ਅਤੇ (ਅਜਾ) ਅਜਨਮ ਹੈ॥੧੪੯॥

**ਭਗਵਤੀ ਛੰਦ॥ ਤ੍ਵਪ੍ਰਸਾਦਿ॥**
**ਕਿ ਜਾਹਰ ਜਹੂਰ ਹੈਂ॥ ਕਿ ਹਾਜਰ ਹਜੂਰ ਹੈਂ॥**
**ਹਮੇਸੁਲ ਸਲਾਮ ਹੈਂ॥ ਸਮਸਤੁਲ ਕਲਾਮ ਹੈਂ॥੧੫੦॥**[2]

*ਭਾਵਾਰਥ:-* ਜੋ (ਜਾਹਰ) ਹੁਸਨ ਦਾ (ਜ਼ਹੂਰ) ਵਿਖਾਵਾ ਕਰਨ ਵਾਲਾ ਹੈ। ਜੋ ਸਦਾ ਹੀ (ਹਜੂਰ) ਮੌਜੂਦ ਹੈ। ਜੋ ਸਦਾ ਲਈ (ਸਲਾਮ) ਅਮਨ-ਅਮਾਨ (ਸਥਿਤ) ਹੈ। ਜੋ ਸਭ ਦੀ (ਕਲਾਮ) ਬਾਣੀ ਹੈ॥੧੫੦॥

**ਕਿ ਸਾਹਿਬ ਦਿਮਾਗ ਹੈਂ॥ ਕਿ ਹੁਸਨੁਲ ਚਰਾਗ ਹੈਂ॥**
**ਕਿ ਕਾਮਲ ਕਰੀਮ ਹੈਂ॥ ਕਿ ਰਾਜਕ ਰਹੀਮ ਹੈਂ॥੧੫੧॥**

*ਭਾਵਾਰਥ:-* ਜੋ ਬਹੁਤ ਅਕਲਮੰਦ ਹੈ। ਜੋ (ਹੁਸਨ) ਰੂਪ ਦਾ ਦੀਵਾ (ਪ੍ਰਕਾਸ਼ਕ) ਹੈ। ਜੋ (ਕਾਮਲ) ਪੂਰਨ (ਕਰੀਮ) ਕ੍ਰਿਪਾਲ ਹੈ। ਜੋ ਰਿਜ਼ਕ ਦੇਣ ਵਾਲਾ ਹੈ ਅਤੇ ਰਹਿਮ ਦਿਲ ਹੈ॥੧੫੧॥

**ਕਿ ਰੋਜ਼ੀ ਦਿਹੰਦ ਹੈਂ॥ ਕਿ ਰਾਜਕ ਰਹਿੰਦ ਹੈਂ॥**
**ਕਰੀਮੁਲ ਕਮਾਲ ਹੈਂ॥ ਕਿ ਹੁਸਨੁਲ ਜਮਾਲ ਹੈਂ॥੧੫੨॥**

*ਭਾਵਾਰਥ:-* ਜੋ ਭੋਜਨ ਦੇਣ ਵਾਲਾ ਹੈ। ਜੋ ਰਿਜ਼ਕ ਦੇਣ ਵਾਲਾ ਹੈ ਅਤੇ (ਰਹਿੰਦ) ਮੁਕਤੀ ਦੇਣ ਵਾਲਾ ਹੈ। ਜੋ ਕ੍ਰਿਪਾਲਤਾ ਦੇ ਪੂਰੇ ਹਨ। ਜੋ ਸੁੰਦਰ ਰੂਪ ਦੀ (ਜਮਾਲ) ਸੁੰਦਰਤਾ ਹੈ॥੧੫੨॥

**ਗਨੀਮੁਲ ਖਰਾਜ ਹੈਂ॥ ਗਰੀਬੁਲ ਨਿਵਾਜ ਹੈਂ॥**
**ਹਰੀਫੁਲ ਸਿਕੰਨ ਹੈਂ॥ ਹਿਰਾਸੁਲ ਫਿਕੰਨ ਹੈਂ॥੧੫੩॥**

---

[1] ਇਹਨਾਂ ਤੁਕਾਂ ਵਿੱਚ ਅਰਧ ਭੁਜੰਗ ਦਾ ਲੱਛਣ ਟੁੱਟ ਗਿਆ ਹੈ।

[2] ਐਂਗਲੋ ਸੰਸਕ੍ਰਿਤ ਛਾਪਾਖਾਨਾ ਲਾਹੌਰ ਦੀ ਛਪੀ ਹੋਈ ਸਫ਼ਰੀ ਬੀੜ ਵਿੱਚ ਇਹ ਭੁੱਲ ਨਾਲ ਨਹੀਂ ਲਿਖਿਆ ਗਿਆ ਅਤੇ ੧੫੧ ਦੀ ਥਾਂ ੧੫੦ ਲਿਖ ਕੇ ਜਾਪ ਦੇ '੧੯੩' ਅੰਗ ਤੱਕ ਠੀਕ ਲਿਜਾਇਆ ਗਿਆ ਹੈ। ਏਸ ਤੋਂ ਅੱਗੇ "ਨਮੋ ਸੂਰਜ ਸੂਰਜੇ॥ ਨਮੋ ਚੰਦ੍ਰ ਚੰਦ੍ਰੇ॥ ਨਮੋ ਰਾਜ ਰਾਜੇ॥ ਨਮੋ ਇੰਦ੍ਰ ਇੰਦ੍ਰੇ॥੧੯੪॥" ਲਿਖ ਕੇ ਏਸ ਘਾਟ ਨੂੰ ਪੂਰਾ ਕਰ ਦਿੱਤਾ ਹੈ, ਜੋ ਦੋਹੀਂ ਥਾਂਈਂ ਭੁੱਲਾਂ ਹਨ। ਕਿਸੇ ਥਾਂ ਨੂੰ ਸ਼ੁੱਧ ਨਹੀਂ ਕਿਹਾ ਜਾ ਸਕਦਾ।

*ਭਾਵਾਰਥ:-* ਜੋ ਅਹੰਕਾਰੀ ਨੂੰ ਖਾਰਜ (ਨਾਸ) ਕਰਨ ਵਾਲਾ ਹੈ। ਜੋ ਗਰੀਬ ਨੂੰ ਵਡਿਆਉਣ ਵਾਲਾ ਹੈ। ਜੋ ਦੁਸ਼ਮਣ ਨੂੰ (ਸਿਕੰਨ) ਮਾਰਨ ਵਾਲਾ ਹੈ। ਜੋ (ਹਿਰਾਸੁ) ਡਰਾਉਣ ਅਥਵਾ ਦੁੱਖ ਦੇਣ ਵਾਲਿਆਂ ਨੂੰ (ਫਿਕੰਨ) ਦੂਰ ਕਰਨ ਵਾਲਾ ਹੈ॥੧੫੩॥

**ਕਲੰਕੰ ਪ੍ਰਣਾਸ ਹੈਂ॥ ਸਮਸਤੁਲ ਨਿਵਾਸ ਹੈਂ॥**
**ਅਗੰਜੁਲ ਗਨੀਮ ਹੈਂ॥ ਰਜਾਇਕ ਰਹੀਮ ਹੈਂ॥੧੫੪॥**

*ਭਾਵਾਰਥ:-* ਜੋ (ਕਲੰਕ) ਦੋਸ਼ਾਂ ਨੂੰ ਨਾਸ ਕਰਨ ਵਾਲਾ ਹੈ। ਜੋ ਸਭ ਥਾਂ ਨਿਵਾਸ ਕਰਦਾ ਹੈ। ਜੋ ਅਹੰਕਾਰੀ ਤੋਂ (ਅਗੰਜ) ਅਜਿੱਤ ਹੈ। ਜੋ ਰਿਜ਼ਕ ਦੇਣ ਵਾਲਾ ਮਿਹਰਬਾਨ ਹੈ॥੧੫੪॥

**ਸਮਸਤੁਲ ਜੁਬਾ ਹੈਂ॥ ਕਿ ਸਾਹਿਬ ਕਿਰਾ ਹੈਂ॥**
**ਕਿ ਨਰਕੰ ਪ੍ਰਣਾਸ ਹੈਂ॥ ਬਹਿਸਤੁਲ ਨਿਵਾਸ ਹੈਂ॥੧੫੫॥**

*ਭਾਵਾਰਥ:-* ਜੋ ਸਭ ਦੀ (ਜੁਬਾ) ਜ਼ੁਬਾਨ ਹੈ। ਜੋ (ਸਾਹਿਬ ਕਿਰਾ)[1] ਵੱਡੇ ਬਾਦਸ਼ਾਹ ਹਨ। ਜੋ (ਨਰਕ) ਦੁੱਖਾਂ ਨੂੰ ਨਾਸ ਕਰਨ ਵਾਲਾ ਹੈ। ਜੋ (ਬਹਿਸ਼ਤ) ਸਵਰਗ ਦੇ ਵਿੱਚ ਰਹਿਣ ਵਾਲਾ ਹੈ॥੧੫੫॥

**ਕਿ ਸਰਬੁਲ ਗਵੰਨ ਹੈਂ॥ ਹਮੇਸੁਲ ਰਵੰਨ ਹੈਂ॥**
**ਤਮਾਮੁਲ ਤਮੀਜ ਹੈਂ॥ ਸਮਸਤੁਲ ਅਜੀਜ ਹੈਂ॥੧੫੬॥**

*ਭਾਵਾਰਥ:-* ਜੋ ਸਭ ਦਾ (ਗਵੰਨ ਅ. ਗਵਾਨੀ)[2] ਸੋਹਣਾ ਹੈ। ਜੋ ਸਦਾ ਹੀ (ਰਵੰਨ) ਚੱਲਦਾ (ਫਿਰਦਾ) ਹੈ। ਜੋ ਸਭ ਦੀ (ਤਮੀਜ਼) ਪਛਾਣ, ਅਕਲ, ਬੁੱਧੀ ਹੈ। ਜੋ ਸਭ ਦਾ (ਅਜੀਜ਼) ਪਿਆਰਾ ਹੈ॥੧੫੬॥

**ਪਰੰ ਪਰਮਈਸ ਹੈਂ॥ ਸਮਸਤੁਲ ਅਦੀਸ ਹੈਂ॥**
**ਅਦੇਸੁਲ ਅਲੇਖ ਹੈਂ॥ ਹਮੇਸੁਲ ਅਭੇਖ ਹੈਂ॥੧੫੭॥**

*ਭਾਵਾਰਥ:-* ਜੋ ਬਹੁਤ ਵੱਡਾ ਰਾਜਾ ਹੈ। ਜੋ ਸਭ ਦੀ (ਅਦੀਸ) ਜੀਵਨ ਜੋਤੀ ਹੈ। ਜੋ (ਆਦੇਸ਼) ਹੁਕਮ ਤੋਂ (ਅਲੇਖ) ਨਿਰਲੇਪ ਹੈ। ਜੋ ਸਭ ਭੇਖਾਂ ਤੋਂ ਰਹਿਤ ਹੈ॥੧੫੭॥

**ਜਮੀਨੁਲ ਜਮਾਂ ਹੈਂ॥ ਅਮੀਕੁਲ ਇਮਾਂ ਹੈਂ॥**
**ਕਰੀਮੁਲ ਕਮਾਲ ਹੈਂ॥ ਕਿ ਜੁਰਅਤ ਜਮਾਲ ਹੈਂ॥੧੫੮॥**

*ਭਾਵਾਰਥ:-* ਜੋ ਜ਼ਮੀਨ ਅਤੇ (ਜਮਾ) ਆਸਮਾਨ ਰੂਪ ਹੈ। ਜੋ ਗੰਭੀਰ ਅਤੇ (ਇਮਾ) ਧਰਮ ਹੈ। ਜੋ (ਕਮਾਲ) ਪੂਰਾ (ਕਰੀਮ) ਮਿਹਰਬਾਨ ਹੈ। ਜੋ (ਜੁਰਅਤ) ਦਲੇਰੀ ਦਾ ਹੁਸਨ ਹੈ॥੧੫੮॥

**ਕਿ ਅਚਲੰ ਪ੍ਰਕਾਸ ਹੈਂ॥ ਕਿ ਅਮਿਤੋ ਸੁ ਬਾਸ ਹੈਂ॥**
**ਕਿ ਅਜਬ ਸਰੂਪ ਹੈਂ॥ ਕਿ ਅਮਿਤੋ ਬਿਭੂਤਿ ਹੈਂ॥੧੫੯॥**

---

[1] 'ਕਿਰਾਂ' ਅਰਬੀ ਵਿੱਚ ਇਕ ਜੋਤਿਸ਼ ਦੀ ਕਿਰਿਆ ਦਾ ਨਾਮ ਹੈ, ਜਿਸ ਵਿੱਚ ਬ੍ਰਹਸਪਤਿ ਦੇ ਨਾਲ ਸ਼ੁਕ੍ਰ ਦਾ ਮੇਲ ਹੋਵੇ, (ਜਾਂ ਇਕ ਰਾਸ਼ੀ ਵਿੱਚ ਕਈ ਸ਼ੁੱਭ ਨਛੱਤਰਾਂ ਦਾ ਨਿਵਾਸ ਹੋਵੇ), ਇਸ ਵਿੱਚ ਜੋ ਬੱਚਾ ਪੈਦਾ ਹੁੰਦਾ ਹੈ, ਉਹ ਵੱਡਾ ਬਾਦਸ਼ਾਹ ਬਣਦਾ ਹੈ, ਓਸ ਨੂੰ ਹੀ 'ਸਾਹਿਬਕਿਰਾਂ' ਕਿਹਾ ਜਾਂਦਾ ਹੈ, ਭਾਵਾਰਥ 'ਮਹਾਂ ਭਾਗਸ਼ਾਲੀ' ਹੈ।

[2] ਅਰਬੀ 'ਗ਼ਵਾਨੀ' ਗ਼ਾਨੀਯਹ ਦੀ ਜਮਾ (ਬਹੁਵਚਨ) ਹੈ, ਇਸ ਦਾ ਅਰਥ 'ਉਹ ਇਸਤਰੀਆਂ ਜਿਨ੍ਹਾਂ ਨੂੰ ਸੁੰਦਰਤਾ ਦੇ ਸਬੱਬ ਸ਼ਿੰਗਾਰ ਦੀ ਲੋੜ ਨਾ ਹੋਵੇ' ਹੈ।

*ਭਾਵਾਰਥ:-* ਜੋ ਪ੍ਰਕਾਸ਼ ਦਾ ਪਹਾੜ ਹੈ। ਜੋ ਬੇਅੰਤਤਾ ਦਾ ਨਿਵਾਸ (ਘਰ) ਹੈ। ਜੋ ਅਸਚਰਜਮਈ ਹੈ। ਜੋ ਬੇਅੰਤ (ਬਿਭੂਤਿ) ਮਾਇਆ ਵਾਲਾ ਹੈ॥੧੫੯॥

**ਕਿ ਅਮਿਤੋ ਪਸਾ ਹੈਂ॥ ਕਿ ਆਤਮ ਪ੍ਰਭਾ ਹੈਂ॥**
**ਕਿ ਅਚਲੰ ਅਨੰਗ ਹੈਂ॥ ਕਿ ਅਮਿਤੋ ਅਭੰਗ ਹੈਂ॥੧੬੦॥**

*ਭਾਵਾਰਥ:-* ਜੋ ਬੇਅੰਤ (ਪਸਾ) ਕਿਰਪਾ ਵਾਲਾ ਹੈ। ਜੋ (ਆਤਮ) ਮਨ ਦੀ ਸੋਭਾ ਹੈ। ਜੋ ਅਵਿਚਲ ਅਤੇ (ਅਨੰਗ) ਘਾਟੇ ਤੋਂ ਬਿਨਾ (ਪਰਿਪੂਰਨ) ਹੈ। ਜੋ ਬੇਅੰਤ ਅਤੇ (ਅਭੰਗ) ਨਿਰਵਿਘਨ ਹੈ॥੧੬੦॥

**ਮਧੁਭਾਰ ਛੰਦ॥ ਤ੍ਵਪ੍ਰਸਾਦਿ॥**

**ਮੁਨਿ ਮਨ ਪ੍ਰਨਾਮ॥ ਗੁਨ ਗਨ ਮੁਦਾਮ॥ ਅਰਿ ਬਰ ਅਗੰਜ॥ ਹਰਿ ਨਰ ਪ੍ਰਭੰਜ॥੧੬੧॥**

*ਭਾਵਾਰਥ:-* ਮੁਨੀਆਂ ਦੇ ਸ਼੍ਰੋਮਣੀ ਨੂੰ ਨਮਸਕਾਰ ਹੈ। ਜੋ (ਮੁਦਾਮ) ਸਦਾ ਗੁਣਾਂ ਦਾ (ਗਨ) ਸਮੁਦਾਇ ਹੈ। ਜੋ ਮਹਾਂ ਵੈਰੀਆਂ ਤੋਂ ਵੀ (ਅਗੰਜ) ਅਜਿੱਤ ਹੈ। ਜੋ (ਹਰਿ) ਦੇਵਤਿਆਂ ਅਤੇ ਬੰਦਿਆਂ ਨੂੰ (ਪ੍ਰਭੰਜ) ਨਾਸ ਕਰਨ ਵਾਲਾ ਹੈ॥੧੬੧॥

**ਅਨਗਨ ਪ੍ਰਨਾਮ॥ ਮੁਨਿ ਮਨ ਸਲਾਮ॥ ਹਰਿ ਨਰ ਅਖੰਡ॥ ਬਰ ਨਰ ਅਮੰਡ॥੧੬੨॥**

*ਭਾਵਾਰਥ:-* ਤੈਨੂੰ ਅਨੇਕਾਂ ਵਾਰ ਨਮਸਕਾਰ। ਮੁਨੀਆਂ ਦੇ ਸ਼੍ਰੋਮਣੀ ਨੂੰ ਨਮਸਕਾਰ। ਜੋ (ਹਰਿ ਨਰ) ਮਨੁੱਖਾਂ ਨੂੰ ਪੈਦਾ ਕਰਨ ਵਾਲਾ ਅਤੇ (ਅਖੰਡ) ਨਾਸ ਤੋਂ ਬਿਨਾਂ ਹੈ। ਜੋ (ਬਰ) ਤਾਕਤ ਵਾਲੇ ਬੰਦਿਆਂ ਤੋਂ ਵੀ (ਅਮੰਡ) ਅਜਿੱਤ ਹੈ॥੧੬੨॥

**ਅਨੁਭਵ ਅਨਾਸ॥ ਮੁਨਿ ਮਨ ਪ੍ਰਕਾਸ॥ ਗੁਨ ਗਨ ਪ੍ਰਨਾਮ॥ ਜਲ ਥਲ ਮੁਦਾਮ॥੧੬੩॥**

*ਭਾਵਾਰਥ:-* ਜੋ (ਅਨਾਸ) ਅਮਿੱਟ ਅਨੁਭਵ (ਗਿਆਨ) ਵਾਲਾ ਹੈ। ਜੋ ਸ੍ਰੇਸ਼ਟ ਮੁਨੀਆਂ ਦਾ ਪ੍ਰਕਾਸ਼ ਰੂਪ ਹੈ। ਸਮੂਹ ਗੁਣ ਰੂਪ (ਪ੍ਰਨਾਮ) ਨੂੰ ਨਮਸਕਾਰ ਹੈ। ਜੋ (ਮੁਦਾਮ) ਸਦਾ ਹੀ (ਜਲ ਥਲ) ਸਰਬ ਵਿਆਪੀ ਵਿਸ਼ਵ ਰੂਪ ਹੈ॥੧੬੩॥

**ਅਨਛਿਜ ਅੰਗ॥ ਆਸਨ ਅਭੰਗ॥ ਉਪਮਾ ਅਪਾਰ॥ ਗਤਿ ਮਿਤਿ ਉਦਾਰ॥੧੬੪॥**

*ਭਾਵਾਰਥ:-* ਜੋ (ਅਨਛਿੱਜ) ਅਮਰ ਸਰੀਰ ਵਾਲਾ ਹੈ। ਜੋ (ਅਭੰਗ) ਇਕਰਸ ਆਸਨ 'ਤੇ ਬੈਠਾ ਹੋਇਆ ਹੈ। ਜੀਹਦੀ ਬੇਅੰਤ (ਉਪਮਾ) ਸੋਭਾ ਹੈ। ਜੀਹਦੀ (ਉਦਾਰ) ਸ੍ਰੇਸ਼ਟ ਰੀਤ-ਮਰਯਾਦਾ ਹੈ॥੧੬੪॥

**ਜਲ ਥਲ ਅਮੰਡ॥ ਦਿਸ ਵਿਸ ਅਭੰਡ॥ ਜਲ ਥਲ ਮਹੰਤ॥ ਦਿਸ ਵਿਸ ਬਿਅੰਤ॥੧੬੫॥**

*ਭਾਵਾਰਥ:-* ਜੋ (ਜਲ ਥਲ) ਸਮੂਹ ਵਿਸ਼ਵ ਤੋਂ ਵੀ (ਅਮੰਡ) ਮੰਡਣ (ਪੂਜਣ) ਨਹੀਂ ਕੀਤਾ ਜਾ ਸਕਦਾ। ਜੋ ਦਿਸ਼ਾਵਾਂ ਅਤੇ (ਵਿਸ) ਉਪਦਿਸ਼ਾਵਾਂ ਤੋਂ ਵੀ (ਅਭੰਗ) ਵਿਘਨ ਰਹਿਤ ਹੈ। ਜੋ ਸਮੂਹ ਵਿਸ਼ਵ ਦਾ (ਮਹੰਤ) ਪੂਜਯ ਹੈ। ਜੋ ਦਿਸ਼ਾਵਾਂ ਅਤੇ ਉਪਦਿਸ਼ਾਵਾਂ ਤੋਂ (ਬਿਅੰਤ) ਅਪਾਰ ਹੈ॥੧੬੫॥

**ਅਨੁਭਉ ਅਨਾਸ॥ ਧ੍ਰਿਤ ਧਰ ਧੁਰਾਸ॥ ਆਜਾਨੁ ਬਾਹੁ॥ ਏਕੈ ਸਦਾਹੁ॥੧੬੬॥**

*ਭਾਵਾਰਥ:-* ਜੀਹਦਾ ਅਵਿਨਾਸੀ (ਅਨਭਉ) ਵਿਚਾਰ ਹੈ। (ਧੁਰਾਸ) ਸਦਾ ਤੋਂ ਹੀ (ਧ੍ਰਿਤ) ਧੀਰਜ ਨੂੰ ਧਾਰਨ ਵਾਲਾ ਹੈ। ਜੋ ਸਭ ਪਾਸਿਆਂ ਤੋਂ (ਜਾਨੁ) ਸਵਾਰੀਆਂ ਦੇ (ਬਾਹੁ) ਸਵਾਰ ਹਨ। ਜੋ ਹਮੇਸ਼ ਤੋਂ ਹੀ ਇੱਕ ਹੈ॥੧੬੬॥

**ਓਅੰਕਾਰ ਆਦਿ॥ ਕਥਨੀ ਅਨਾਦਿ॥ ਖਲਖੰਡ ਖਿਆਲ॥ ਗੁਰ ਬਰ ਅਕਾਲ॥੧੬੭॥**

*ਭਾਵਾਰਥ:-* ਜਿਸ ਦੀ (ਅਨਾਦਿ) ਮੁੱਢ ਤੋਂ ਹੀ ਓਅੰਕਾਰ ਆਦਿਕ ਨਾਂਵਾਂ ਨਾਲ ਚਲੀ ਆਉਂਦੀ ਹੈ। (ਖਲ) ਨਿਸਚਾ ਕਰ ਕੇ (ਖੰਡ) ਕਾਲ ਰੂਪ ਖ਼ਿਆਲ ਕੀਤਾ ਜਾਂਦਾ ਹੈ। (ਬਰ) ਉੱਤਮ (ਗੁਰ) ਪੂਜਯ ਅਤੇ ਕਾਲ ਰਹਿਤ ਹੈ॥੧੬੭॥

**ਘਰ ਘਰ ਪ੍ਰਨਾਮ॥ ਚਿਤ ਚਰਨ ਨਾਮ॥ ਅਨਛਿਜ ਗਾਤ॥ ਆਜਜ ਨ ਬਾਤ॥੧੬੮॥**

*ਭਾਵਾਰਥ:-* ਘਰ ਘਰ ਜੀਹਨੂੰ ਨਮਸਕਾਰ ਹੁੰਦੀ ਹੈ। ਜਿਸਦੇ ਭਗਤਾਂ ਦੇ ਚਿੱਤ ਨਾਮ ਰੂਪ ਚਰਨਾਂ ਵਿੱਚ ਲੱਗੇ ਹੋਏ ਨੇ ਅਥਵਾ ਨਾਮ ਰੂਪ ਚਰਨ ਨੂੰ ਸਿਮਰਦੇ ਨੇ। (ਅਨਛਿਜ) ਅਵਿਨਾਸ (ਗਾਤ) ਰੂਪ ਹੈ। (ਨ ਬਾਤ) ਬਨਾਸਪਤੀ ਵੀ ਜਿਸ ਦੇ (ਆਜ਼ਜ) ਅਧੀਨ ਹੈ॥੧੬੮॥

**ਅਨਝੰਜ ਗਾਤ॥ ਅਨਰੰਜ ਬਾਤ॥ ਅਨਟੂਟ ਭੰਡਾਰ॥ ਅਨਠਟ ਅਪਾਰ॥੧੬੯॥**

*ਭਾਵਾਰਥ:-* ਜੀਹਦਾ (ਗਾਤ) ਸਰੀਰ (ਝੰਜ-ਝੁੰਝਲਾਹਟ) ਕੰਬਣ ਤੋਂ ਬਿਨਾਂ ਹੈ। ਜੀਹਦੀ ਗੱਲ (ਰੰਜ) ਗ਼ਮ ਤੋਂ ਬਿਨਾਂ ਹੈ। ਜੀਹਦਾ ਅਖੁੱਟ ਭੰਡਾਰਾ ਹੈ। ਜੋ (ਅਪਾਰ) ਬੇਅੰਤ (ਅਨ) ਹੋਰਨਾਂ ਨੂੰ (ਠਟ) ਰਚਦਾ ਹੈ॥੧੬੯॥

**ਆਡੀਠ ਧਰਮ॥ ਅਤਿ ਢੀਠ ਕਰਮ॥ ਅਨਬ੍ਰਣ ਅਨੰਤ॥ ਦਾਤਾ ਮਹੰਤ॥੧੭੦॥**

*ਭਾਵਾਰਥ:-* ਜੋ ਸਾਰਿਆਂ ਪਾਸਿਆਂ ਤੋਂ (ਧਰਮ) ਨਿਸ਼ਚਿਯਾਂ ਨੂੰ ਵੇਖਣ ਵਾਲਾ ਹੈ। ਜੀਹਦਾ ਕਰਮ ਬਹੁਤ (ਢੀਠ) ਨਿਡਰ ਹੈ। ਜੋ ਵਰਣ ਰਹਿਤ ਅਤੇ ਬੇਅੰਤ ਹੈ। ਜੋ ਮਹਾਨ ਦਾਤਾ ਹੈ॥੧੭੦॥

**ਹਰਿ ਬੋਲਮਨਾ[1] ਛੰਦ॥ ਤ੍ਵਪ੍ਰਸਾਦਿ॥**

**ਕਰੁਣਾਲਯ ਹੈਂ॥ ਅਰਿ ਘਾਲਯ ਹੈਂ॥ ਖਲ ਖੰਡਨ ਹੈਂ॥ ਮਹਿ ਮੰਡਨ ਹੈਂ[2]॥੧੭੧॥**

*ਭਾਵਾਰਥ:-* ਜੋ ਕਿਰਪਾ ਦੇ ਘਰ ਹਨ। ਜੋ ਵੈਰੀਆਂ ਨੂੰ ਨਾਸ ਕਰਨ ਯੋਗ ਹਨ। ਜੋ (ਖਲ) ਦੁਸ਼ਟਾਂ ਨੂੰ ਨਾਸ ਕਰਨ ਵਾਲੇ ਹਨ। ਜੋ (ਮਹਿ) ਧਰਤੀ (ਸਮੂਹ ਵਿਸ਼ਵ) ਦੇ (ਮੰਡਨ) ਪੂਜਣ ਯੋਗ ਹਨ॥੧੭੧॥

**ਜਗਤੇਸ੍ਵਰ ਹੈਂ॥ ਪਰਮੇਸ੍ਵਰ ਹੈਂ॥ ਕਲ ਕਾਰਨ ਹੈਂ॥ ਸਰਬ ਉਬਾਰਨ ਹੈਂ[3]॥੧੭੨॥**

*ਭਾਵਾਰਥ:-* ਜੋ ਸੰਸਾਰ ਦੇ ਮਾਲਕ ਹਨ। ਮਹਾਂ ਐਸ਼ੋ-ਅਰਾਮ ਵਾਲੇ ਹਨ। (ਕਲ) ਰਚਨਾ (ਕਾਰਨ) ਕਰਨ ਵਾਲੇ ਹਨ। ਸਾਰਿਆਂ ਨੂੰ ਬਚਾਉਣ ਵਾਲੇ ਹਨ॥੧੭੨॥

**ਧ੍ਰਿਤ ਕੇ ਧਾਰਨ ਹੈਂ॥ ਜਗ ਕੇ ਕਾਰਨ ਹੈਂ॥ ਮਨ ਮਾਨਯ ਹੈਂ॥ ਜਗ ਜਾਨਯ ਹੈਂ॥੧੭੩॥**

*ਭਾਵਾਰਥ:-* ਧੀਰਜ ਨੂੰ ਧਾਰਨ ਵਾਲੇ ਹਨ। ਸੰਸਾਰ ਨੂੰ ਰਚਣ ਵਾਲੇ ਹਨ। ਮਨ ਨੂੰ ਮੰਨਣ ਯੋਗ ਹਨ। ਸੰਸਾਰ ਨੂੰ ਜਾਨਣ ਯੋਗ ਹਨ॥੧੭੩॥

**ਸਰਬੰ ਭਰ ਹੈਂ॥ ਸਰਬੰ ਕਰ ਹੈਂ॥ ਸਰਬੁਪਾਸਯ ਹੈਂ॥ ਸਰਬ ਨਾਸਯ ਹੈਂ॥੧੭੪॥**

---

[1] ਦੋ ਸਗਣ ਦਾ ਇਹ ਛੰਦ ਹੈ, ਜੀਹਦੇ ਡਿਲਾ ਅਤੇ ਤਿਲਕਾ ਨਾਮ ਵੀ ਪਿੰਗਲ ਗ੍ਰੰਥਾਂ ਵਿੱਚ ਲਿਖੇ ਹੋਏ ਹਨ।

[2] ਇਹ ਪਾਠ ਗਣ ਪ੍ਰਸਤਾਰ ਚੰਦ੍ਰਿਕਾ ਵਿੱਚ ਕਵੀ ਸੰਤ ਮੰਗਲ ਸਿੰਘ ਜੀ ਦਾ ਲਿਖਿਆ ਹੋਇਆ ਸ਼ੁੱਧ ਮੰਨ ਕੇ ਉੱਪਰ ਰੱਖਿਆ ਗਿਆ ਹੈ, ਵੇਖੋ ਗਣ ਪ੍ਰਸਤਾਰ ਚੰਦ੍ਰਿਕਾ, ਸਫ਼ਾ ੧੧੫।

[3] ਇਹ ਪਾਠ ਸ੍ਰ. ਬ. ਕਾਨ੍ਹ ਸਿੰਘ ਜੀ ਨਾਭਾ ਨੇ ਗੁਰਮਤ ਸੁਧਾਕਰ ਵਿੱਚ ਲਿਖਿਆ ਹੈ।

*ਭਾਵਾਰਥ:-* ਸਾਰਿਆਂ ਨੂੰ (ਭਰ) ਪਾਲਣ ਵਾਲੇ ਹਨ। ਸਭ ਨੂੰ ਰਚਣ ਵਾਲੇ ਹਨ। ਸਭ ਦੇ ਉਪਾਸ਼ਜ-ਦੇਵ ਹਨ। ਸਭ ਨੂੰ ਨਾਸ ਕਰਨ ਯੋਗ ਹਨ॥੧੭੪॥

**ਕਰੁਣਾਕਰ ਹੈਂ॥ ਬਿਸ੍ਵੰਭਰ ਹੈਂ॥ ਸਰਬੇਸ੍ਵਰ ਹੈਂ॥ ਜਗਤੇਸ੍ਵਰ ਹੈਂ॥੧੭੫॥**

*ਭਾਵਾਰਥ:-* ਕਿਰਪਾ ਦੀ ਖਾਣ ਹਨ। ਸੰਸਾਰ ਪਾਲਣ ਵਾਲੇ ਹਨ। ਸਭ ਦੇ (ਏਸ੍ਵਰ) ਰਾਜੇ ਹਨ। ਸੰਸਾਰ ਦੇ ਮਾਲਕ ਹਨ॥੧੭੫॥

**ਬ੍ਰਹਮੰਡਸ ਹੈਂ॥ ਖਲ ਖੰਡਸ ਹੈਂ॥ ਪਰ ਤੇ ਪਰ ਹੈਂ॥ ਕਰੁਣਾਕਰੁ ਹੈਂ॥੧੭੬॥**

*ਭਾਵਾਰਥ:-* ਜੋ ਬ੍ਰਹਮੰਡ (ਵਿਸ਼ਵ) (ਸ) ਸਰੂਪ ਹਨ। ਦੁਸ਼ਟਾਂ ਨੂੰ ਨਾਸ ਕਰਨ ਵਾਲੇ ਹਨ। ਦੂਰ ਤੋਂ ਦੂਰ ਹਨ। ਕਿਰਪਾ ਦੀ ਖਾਣ ਹਨ॥੧੭੬॥

**ਅਜਪਾ ਜਪ ਹੈਂ॥ ਅਥਪਾ ਥਪ ਹੈਂ॥ ਅਕ੍ਰਿਤਾਕ੍ਰਿਤ ਹੈਂ॥ ਅਮ੍ਰਿਤਾਮ੍ਰਿਤ ਹੈਂ॥੧੭੭॥**

*ਭਾਵਾਰਥ:-* ਜੋ ਨਾ ਜਪਣ ਤੋਂ ਵੀ ਜਪੇ ਜਾਂਦੇ ਹਨ। ਜੋ ਨਾ (ਥਪ) ਗੱਦੀਧਰ, ਪੂਜਯ ਹੋਣ ਤੋਂ ਵੀ ਪੂਜੇ ਜਾਂਦੇ ਹਨ। ਜੋ (ਆਕ੍ਰਿਤਿ) ਸੁੰਦਰਤਾ ਦੀ ਸੁੰਦਰ ਮੂਰਤੀ ਹਨ। ਜੋ ਅੰਮ੍ਰਿਤ ਦਾ ਵੀ ਅੰਮ੍ਰਿਤ ਹਨ॥੧੭੭॥

**ਅਮ੍ਰਿਤਾਮ੍ਰਿਤ ਹੈਂ॥ ਕਰੁਣਾਕ੍ਰਿਤ ਹੈਂ॥ ਅਕ੍ਰਿਤਾਕ੍ਰਿਤ ਹੈਂ॥ ਧਰਣੀ ਧ੍ਰਿਤ ਹੈਂ॥੧੭੮॥**

*ਭਾਵਾਰਥ:-* ਜੋ (ਅਮ੍ਰਿਤ) ਅਮਰਾਂ ਦੀ ਵੀ ਮੌਤ ਹਨ। ਜੋ ਕਾਰਨ ਤੋਂ (ਅਕ੍ਰਿਤਿ) ਬਣੇ ਹੋਏ ਨਹੀਂ ਹਨ। ਜੋ (ਕ੍ਰਿਤ) ਰਚਿਆਂ ਹੋਇਆਂ ਵਾਂਗ (ਅਕ੍ਰਿਤਿ) ਰਚੇ ਹੋਏ ਨਹੀਂ। ਜੋ ਧਰਤੀ (ਵਿਸ਼ਵ) ਦੀ ਧੀਰਜ ਹਨ॥੧੭੮॥

**ਅਮਿਤੇਸ੍ਵਰ ਹੈਂ॥ ਪਰਮੇਸ੍ਵਰ ਹੈਂ॥ ਅਕ੍ਰਿਤਾਕ੍ਰਿਤ ਹੈਂ॥ ਅਮ੍ਰਿਤਾਮ੍ਰਿਤ ਹੈਂ॥੧੭੯॥**

*ਭਾਵਾਰਥ:-* ਜੋ ਬੇਅੰਤਾਂ ਦੇ ਸਵਾਮੀ ਹਨ। ਜੋ ਮਹਾਰਾਜੇ ਹਨ। ਜੋ ਕਰਮ ਕਰਨ (ਅਕ੍ਰਿਤ) ਰਹਿਤ ਹਨ। ਜੋ ਮਹਾਂ ਪਿਆਰੇ ਹਨ॥੧੭੯॥

**ਅਜਬਾਕ੍ਰਿਤ ਹੈਂ॥ ਅਮ੍ਰਿਤਾਮ੍ਰਿਤ ਹੈਂ॥ ਨਰ ਨਾਇਕ ਹੈਂ॥ ਖਲ ਘਾਇਕ ਹੈਂ॥੧੮੦॥**

*ਭਾਵਾਰਥ:-* ਜੋ ਅਸਚਰਜ਼ (ਅਕ੍ਰਿਤਿ) ਰੂਪ ਹਨ। ਜੋ ਅਮ੍ਰਿਤੂ (ਅਮਰ) ਨੇ, ਅਮਰ ਹਨ। ਜੋ (ਨਰ ਨਾਇਕ) ਰਾਜੇ ਹਨ। ਜੋ ਦੁਸ਼ਟਾਂ ਦਾ ਨਾਸ ਕਰਨ ਵਾਲੇ ਹਨ॥੧੮੦॥

**ਬਿਸ੍ਵੰਭਰ ਹੈਂ[੧]॥ ਕਰੁਣਾਲਜ ਹੈਂ[੨]॥ ਨ੍ਰਿਪ ਨਾਇਕ ਹੈਂ॥ ਸਰਬ ਪਾਇਕ ਹੈਂ[੩]॥੧੮੧॥**

*ਭਾਵਾਰਥ:-* ਜੋ ਸੰਸਾਰ ਨੂੰ ਪਾਲਣ ਵਾਲੇ ਹਨ। ਕਿਰਪਾ ਦੇ ਘਰ ਹਨ। ਜੋ (ਨ੍ਰਿਪ ਨਾਇਕ) ਚੱਕਰਵਰਤੀ ਰਾਜੇ ਹਨ। ਜੀਹਦੇ ਸਾਰੇ ਹੀ (ਪਾਇਕ) ਦਾਸ ਹਨ॥੧੮੧॥

**ਭਵ ਭੰਜਨ ਹੈਂ॥ ਅਰਿ ਗੰਜਨ ਹੈਂ॥ ਰਿਪੁ ਤਾਪਨ ਹੈਂ॥ ਜਪ ਜਾਪਨ ਹੈਂ॥੧੮੨॥**

*ਭਾਵਾਰਥ:-* ਜੋ (ਭਵ) ਜਨਮ ਮਰਨ ਦੇ ਚੱਕਰ ਨੂੰ ਨਾਸ ਕਰਨ ਵਾਲੇ ਹਨ। ਜੋ (ਅਰਿ) ਵੈਰੀਆਂ ਨੂੰ (ਗੰਜਨ) ਨਾਸ ਕਰਨ ਵਾਲੇ ਹਨ। ਜੋ (ਰਿਪੁ) ਦੁਸ਼ਮਣਾਂ ਨੂੰ (ਤਾਪਨ) ਸਾੜਨ ਵਾਲੇ ਹਨ। ਜੋ (ਜਪ) ਸਿਮਰਨ ਤੋਂ ਪ੍ਰਤੀਤ ਹੁੰਦੇ ਹਨ॥੧੮੨॥

---

[੧] ਇਓਂ ਦੋ ਯਗਣ ਨਹੀਂ ਬਣਦੇ।

[੨] ਇਹ ਬਿਖਮ ਤੁਕਾਂਤ ਹਨ।

[੩] ਐਂਗਲੋ ਸੰਸਕ੍ਰਿਤ ਛਾਪੇਖਾਨੇ ਦੀ ਸਫ਼ਰੀ ਬੀੜ ਵਿੱਚ 'ਸਰਬਪਾਲਿਕ' ਪਾਠ ਛਪਿਆ ਹੋਇਆ ਹੈ, ਵੇਖੋ ਸਫ਼ਾ ੯।

**ਅਕਲੰ ਕ੍ਰਿਤ ਹੈਂ॥ ਸਰਬਾ ਕ੍ਰਿਤ ਹੈਂ॥ ਕਰਤਾ ਕਰ ਹੈਂ॥ ਹਰਤਾ ਹਰ ਹੈਂ॥੧੯੩॥**

*ਭਾਵਾਰਥ:-* ਕਲੰਕ ਰਹਿਤ ਹਨ। ਸਭ ਤੋਂ ਸੁੰਦਰ ਹਨ। (ਕਰਤਾ) ਬ੍ਰਹਮਾ ਨੂੰ ਰਚਨ ਵਾਲੇ ਹਨ। (ਹਰ) ਸ਼ਿਵ ਨੂੰ (ਹਰਤਾ) ਮਾਰਨ ਵਾਲੇ ਹਨ॥੧੯੩॥

**ਪਰਮਾਤਮ ਹੈਂ॥ ਸਰਬਾਤਮ ਹੈਂ॥ ਆਤਮ ਬਸ ਹੈਂ॥ ਜਸ ਕੇ ਜਸ ਹੈਂ॥੧੯੪॥**

*ਭਾਵਾਰਥ:-* ਮਹਾਨ ਆਤਮਾ ਹਨ। ਸਭ ਦਾ (ਆਤਮ) ਮਨ ਹਨ। (ਆਤਮ) ਮਨੋਵ੍ਰਿਤੀ ਦੇ (ਬਸ) ਨਿਵਾਸੀ ਹਨ। (ਜਸ) ਸੋਭਾ ਦੇ ਵੀ ਸੋਭਾ ਰੂਪ ਹਨ॥੧੯੪॥

**ਭੁਜੰਗ ਪ੍ਰਯਾਤ ਛੰਦ॥**[1]

**ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥ ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥**[2]

**ਨਮੋ ਅੰਧਕਾਰੇ ਨਮੋ ਤੇਜ ਤੇਜੇ॥ ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ॥੧੯੫॥**

*ਭਾਵਾਰਥ:-* ਸੂਰਜਾਂ ਦੇ ਸੂਰਜ ਨੂੰ ਨਮਸਕਾਰ, ਚੰਦ੍ਰਮਾ ਦੇ ਚੰਦ੍ਰਮਾ ਨੂੰ ਨਮਸਕਾਰ। ਰਾਜਿਆਂ ਦੇ ਰਾਜੇ ਨੂੰ ਨਮਸਕਾਰ, (ਇੰਦ੍ਰੇ) ਦੇਵਰਾਜਾਂ ਦੇ ਦੇਵਰਾਜ ਨੂੰ ਨਮਸਕਾਰ। (ਅੰਧਕਾਰੇ) ਸਿਆਮ ਰੂਪ ਨੂੰ ਨਮਸਕਾਰ, (ਤੇਜੇ) ਪ੍ਰਕਾਸ਼ਾਂ ਦੇ ਪ੍ਰਕਾਸ਼ ਨੂੰ ਨਮਸਕਾਰ। (ਬ੍ਰਿੰਦੇ) ਸਮੂਹ ਦੇ ਸਮੂਹ ਨੂੰ ਨਮਸਕਾਰ, ਵੀਰਯ ਦੇ ਵੀਰਯ ਅਰਥਾਤ ਪੈਦਾ ਕਰਨ ਵਾਲਿਆਂ ਨੂੰ ਨਮਸਕਾਰ॥੧੯੫॥

**ਨਮੋ ਰਾਜਸੰ ਤਾਮਸੰ ਸਾਂਤ ਰੂਪੇ॥ ਨਮੋ ਪਰਮ ਤੱਤੰ ਅਤੱਤੰ ਸਰੂਪੇ॥**

**ਨਮੋ ਜੋਗ ਜੋਗੇ ਨਮੋ ਗਜਾਨ ਗਜਾਨੇ॥ ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ॥੧੯੬॥**

*ਭਾਵਾਰਥ:-* (ਰਾਜਸ) ਰਜੋ ਗੁਣ, ਤਮੋ ਗੁਣ ਅਤੇ (ਸਾਤ) ਸਤੋ ਗੁਣ ਰੂਪ ਨੂੰ ਨਮਸਕਾਰ। (ਪਰਮ) ਮਹਾਂ (ਤੱਤੰ) ਸਿਧਾਂਤ ਅਤੇ ਅਸਿਧਾਂਤ ਰੂਪ ਨੂੰ ਨਮਸਕਾਰ। ਯੋਗ ਦੇ ਯੋਗ ਨੂੰ ਨਮਸਕਾਰ, ਗਿਆਨ ਦੇ ਗਿਆਨ ਨੂੰ ਨਮਸਕਾਰ। (ਸਿਮਰਨ) ਮੰਤ੍ਰ ਦੇ ਮੰਤ੍ਰ ਨੂੰ ਨਮਸਕਾਰ, ਧਿਆਨ ਦੇ ਧਿਆਨ ਨੂੰ ਨਮਸਕਾਰ॥੧੯੬॥

**ਨਮੋ ਜੁੱਧ ਜੁੱਧੇ ਨਮੋ ਗਜਾਨ ਗਜਾਨੇ॥ ਨਮੋ ਭੋਜ ਭੋਜੇ ਨਮੋ ਪਾਨ ਪਾਨੇ॥**

**ਨਮੋ ਕਲਹ ਕਰਤਾ ਨਮੋ ਸਾਂਤਿ ਰੂਪੇ॥ ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ॥੧੯੭॥**

*ਭਾਵਾਰਥ:-* ਯੁੱਧਾਂ ਦੇ ਯੁੱਧ ਨੂੰ ਨਮਸਕਾਰ, ਗਿਆਨ ਦੇ ਗਿਆਨ ਨੂੰ ਨਮਸਕਾਰ। ਭੋਜਨਾਂ ਦੇ ਭੋਜਨ ਨੂੰ ਨਮਸਕਾਰ, ਪੀਣ ਵਾਲੇ ਪਦਾਰਥਾਂ ਨੂੰ ਨਮਸਕਾਰ ਹੈ। ਲੜਾਈ ਕਰਨ ਵਾਲਿਆਂ ਨੂੰ ਨਮਸਕਾਰ ਹੈ, ਸ਼ਾਂਤਮਈ ਰੂਪਾਂ ਨੂੰ ਨਮਸਕਾਰ। ਦੇਵਰਾਜ ਦੇ ਦੇਵਰਾਜ ਨੂੰ ਨਮਸਕਾਰ, ਜੋ (ਅਨਾਦਿ) ਅਵਿਨਾਸ਼ ਸਮੱਗਰੀ ਵਾਲਾ ਹੈ॥੧੯੭॥

**ਕਲੰਕਾਰ ਰੂਪੇ ਅਲੰਕਾਰ ਅਲੰਕੇ**[3]**॥ ਨਮੋ ਆਸ ਆਸੇ ਨਮੋ ਬਾਂਕ ਬੰਕੇ॥**

**ਅਭੰਗੀ ਸਰੂਪੇ ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ॥੧੯੮॥**

*ਭਾਵਾਰਥ:-* ਸੁੰਦਰ ਸਰੂਪ ਵਾਲੇ ਮਾਨੋ ਕਿ (ਅਲੰਕਾਰ) ਸ਼ਿੰਗਾਰਾਂ ਦਾ ਵੀ (ਅਲੰਕੇ) ਸ਼ਿੰਗਾਰ ਹੈ। ਆਸ਼ਯ ਦੀ ਆਸ਼ਾ ਨੂੰ ਨਮਸਕਾਰ, ਸੋਹਣਿਆਂ ਦੇ ਸੋਹਣੇ ਨੂੰ ਨਮਸਕਾਰ। (ਅਭੰਗੀ) ਨਿਰਵਘਨ-

---

[1] ਇਹ ਪੂਰਨ ਸ਼ੁੱਧ ਭੁਯੰਗ ਪ੍ਰਯਾਤ ਹੈ।

[2] ਐਗਲੋਂ ਸੰਸਕ੍ਰਿਤ ਛਾਪੇਖਾਨੇ ਲਾਹੌਰ ਦੀ ਬੀੜ ਵਿੱਚ ਏਥੇ ਵੀ ਅੰਗ ਲਿਖਿਆ ਹੋਇਆ ਹੈ। ਜਿਸ ਤੋਂ ਅੰਗ ੧੫੫ ਵਾਲਾ ਘਾਟਾ ਤਾਂ ਪੂਰਾ ਹੋ ਗਿਆ ਹੈ ਪਰ ਹੈਨ ਇਹ ਦੋਵੇਂ ਹੀ ਭੁੱਲਾਂ।

[3] ਇਸ ਵਿੱਚ ਗਣ ਕਿਰਿਆ ਟੁੱਟਦੀ ਹੈ।

ਮਈ, ਸਰੀਰ ਰਹਿਤ ਅਤੇ ਨਾਮ ਰਹਿਤ ਨੂੰ ਨਮਸਕਾਰ। ਜੋ (ਤ੍ਰਿਕਾਲ) ਤਿੰਨਾ ਕਾਲਾਂ ਵਿੱਚ ਮੌਜੂਦ (ਤ੍ਰਿਭੰਗੀ) ਤਿੰਨਾਂ ਲੋਕਾਈਆਂ ਨੂੰ ਨਸ਼ਟ ਕਰਨ ਵਾਲੇ (ਅਨੰਗੀ) ਸਰੀਰ ਅਤੇ ਕਾਮਨਾ ਰਹਿਤ ਵੀ ਹੈ॥੧੮੮॥

## ਏਕ ਅਛਰੀ ਛੰਦ॥[1]

**ਅਜੈ॥ ਅਲੈ॥ ਅਭੈ॥ ਅਬੈ॥੧੮੯॥**

*ਭਾਵਾਰਥ:-* ਜੋ ਅਜਿੱਤ ਹੈ। (ਅਲੈ) ਅਵਿਨਾਸ਼ ਹੈ। ਨਿਡਰ ਹੈ। ਅਮਰ ਹੈ॥੧੮੯॥

**ਅਭੂ॥ ਅਜੂ॥ ਅਨਾਸ॥ ਅਕਾਸ॥੧੯੦॥**

*ਭਾਵਾਰਥ:-* (ਅਭੂ) ਉਤਪਤੀ ਬਿਨਾਂ ਹੈ। ਜਨਮ ਰਹਿਤ ਹੈ। ਅਮਰ ਹੈ। ਆਸਮਾਨ ਵਾਂਗ ਵਿਆਪਕ ਹੈ॥੧੯੦॥

**ਅਗੰਜ॥ ਅਭੰਜ॥ ਅਲਖ॥ ਅਭਖ॥੧੯੧॥**

*ਭਾਵਾਰਥ:-* ਜੋ (ਗੰਜ) ਅੱਖਾਂ ਦੇ ਇਸ਼ਾਰੇ ਤੋਂ ਬਿਨਾਂ ਹੈ। ਅਟੁੱਟ ਹੈ। ਜੋ ਵੇਖਿਆ ਨਹੀਂ ਜਾ ਸਕਦਾ। ਜੋ ਖਾਧਾ ਨਹੀਂ ਜਾ ਸਕਦਾ॥੧੯੧॥

**ਅਕਾਲ॥ ਦਯਾਲ॥ ਅਲੇਖ॥ ਅਭੇਖ॥੧੯੨॥**

*ਭਾਵਾਰਥ:-* ਅਮਰ ਹੈ। ਕ੍ਰਿਪਾਲੂ ਹੈ। (ਲੇਖ) ਕਰਮ ਰਹਿਤ ਹੈ। ਭੇਖ ਰਹਿਤ ਹੈ॥੧੯੨॥

**ਅਨਾਮ॥ ਅਕਾਮ॥ ਅਗਾਹ॥ ਅਢਾਹ॥੧੯੩॥**

*ਭਾਵਾਰਥ:-* ਨਾਮ ਤੋਂ ਬਿਨਾਂ ਹੈ। ਕਾਮਨਾ ਰਹਿਤ ਹੈ। ਸੋਚ ਬਿਨਾਂ ਹੈ। ਜੋ ਡਿੱਗਦਾ ਨਹੀਂ ਹੈ॥੧੯੩॥

**ਅਨਾਥੇ॥ ਪ੍ਰਮਾਥੇ॥ ਅਜੋਨੀ॥ ਅਮੋਨੀ॥੧੯੪॥**

*ਭਾਵਾਰਥ:-* ਸੁਤੰਤਰ। (ਪ੍ਰਮਾਥੇ) ਸ਼੍ਰੋਮਣੀ। ਜੂਨਾਂ ਤੋਂ ਬਿਨਾ। ਵਕਤਾ ਹੈ॥੧੯੪॥

**ਨ ਰਾਗੇ॥ ਨ ਰੰਗੇ॥ ਨ ਰੂਪੇ॥ ਨ ਰੇਖੇ॥੧੯੫॥**

*ਭਾਵਾਰਥ:-* ਮੋਹ ਰਹਿਤ। (ਰੰਗ) ਆਨੰਦ ਰਹਿਤ। ਰੂਪ ਰਹਿਤ। (ਰੇਖ) ਕਰਮ ਰਹਿਤ ਹੈ॥੧੯੫॥

**ਅਕਰਮੰ॥ ਅਭਰਮੰ॥ ਅਗੰਜੇ॥ ਅਲੇਖੇ॥੧੯੬॥**

*ਭਾਵਾਰਥ:-* ਕਰਮਾਂ ਤੋਂ ਬਿਨਾਂ। ਭਰਮਾਂ ਤੋਂ ਬਿਨਾਂ। ਲਾਮਕਾਨ। ਹਿਸਾਬ ਤੋਂ ਬਿਨਾਂ ਹੈ॥੧੯੬॥

## ਭੁਜੰਗ ਪ੍ਰਯਾਤ[2] ਛੰਦ॥

**ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ॥ ਅਗੰਜੁਲ ਅਨਾਮੇ ਸਮਸਤੁਲ ਨਿਵਾਸੇ॥**

---

[1] ਏਕਾਛਰੀ ਛੰਦ ਦਾ ਪਿੰਗਲਾਂ ਅਨੁਸਾਰ ਤਾਂ 'ਉਕਥਾ' ਅਤੇ 'ਸ੍ਰੀ' ਛੰਦ ਦਾ ਹੀ ਨਾਮ ਹੋ ਸਕਦਾ ਹੈ, ਜੋ ਇੱਕ ਮਾਤ੍ਰਿਕ ਅਤੇ ਦੁਮਾਤ੍ਰਿਕ ਹੀ ਹੋ ਸਕਦੇ ਹਨ ਪਰ ਏਥੇ ਤ੍ਰਿਮਾਤ੍ਰਿਕ 'ਧੁਜਾ ਛੰਦ' ਦਾ ਨਾਮ ਵੀ ਏਕਾਛਰੀ 'ਅਜੂ' ਆਦਿਕ ਪਾਠ ਤੋਂ ਆਇਆ ਹੈ। (੨) ਚਾਰ ਮਾਤ੍ਰਿਕ 'ਪਯੋਧਰੇ' ਇੱਕ ਸਗਣ ਦਾ ਨਾਮ ਵੀ ਏਕਾਛਰੀ ਹੀ ਹੈ, ਏਸੇ ਦੇ ਨਾਮ 'ਚਾਚਰੀ' ਅਤੇ 'ਕਪਾਲੀ' ਹਨ। (੩) ਪੰਜ ਮਾਤ੍ਰਿਕ ਇੱਕ ਯਗਣ 'ਬਾਜੀ ਛੰਦ' ਦਾ ਨਾਮ ਵੀ ਏਸ ਥਾਂ 'ਏਕਾਛਰੀ' ਹੀ ਹੈ।

[2] ਜਾਪ ਦਿਆਂ ਸਿਰਲੇਖਾਂ ਵਿੱਚ ਦੋ 'ਭੁਜੰਗ ਪ੍ਰਯਾਤ' ਅੰਤ ਦਿਆਂ ਛੰਦਾਂ ਵਿੱਚ ਹੀ ਇਹ ਸਿਰਲੇਖ ਸ਼ੁੱਧ ਹੈ। ਜੀਹਦੇ ਲੱਛਣ 'ਚਾਰ ਯਗਣ' ਭੁਜੰਗ ਪ੍ਰਯਾਤ ਨਾਲ ਪਿੰਗਲਾਂ ਅਨੁਸਾਰ ਠੀਕ ਢੁੱਕਦਾ ਹੈ।

**ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ॥ ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ॥੧੯੭॥**

*ਭਾਵਾਰਥ:-* ਜੋ ਨਮਸਕਾਰ ਦਾ ਨਮਸਕਾਰ, ਸਭ ਦਾ ਨਾਸ ਕਰਨ ਵਾਲਾ ਹੈ। ਅਜਿੱਤ, ਨਾਮ ਰਹਿਤ ਅਤੇ ਸਭ ਦਾ ਨਿਵਾਸੀ ਹੈ। (ਵਿਭੂਤਿ) ਸਮੱਗਰੀ ਦੀ ਇੱਛਾ ਤੋਂ ਬਿਨਾਂ, ਸਰਬਮਈ ਹੈ। ਬੁਰੇ ਕਰਮਾਂ ਦਾ ਨਾਸ ਕਰਨ ਵਾਲਾ ਅਤੇ ਉੱਚ ਧਰਮ ਰੂਪ ਸਮੱਗਰੀ ਵਾਲਾ ਹੈ॥੧੯੭॥

**ਸਦਾ ਸਚਦਾਨੰਦ ਸਤ੍ਰੰ ਪ੍ਰਣਾਸੀ॥ ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ॥**
**ਅਜਾਇਬ ਬਿਭੂਤੇ ਗਜਾਇਬ ਗਨੀਮੇ॥ ਹਰੀਅੰ ਕਰੀਅੰ ਕਰੀਮੁਲ ਰਹੀਮੇ॥੧੯੮॥**

*ਭਾਵਾਰਥ:-* ਹਮੇਸ਼ਾ ਹੀ ਸਾਂਤ ਚਿੱਤ ਆਨੰਦ ਰੂਪ ਅਤੇ ਦੁਸ਼ਮਣਾਂ ਨੂੰ ਨਾਸ ਕਰਨ ਵਾਲਾ ਹੈ। (ਕਰੀਮ) ਮਿਹਰਬਾਨ, ਕਰਤਾ (ਪੁਰਖ) ਅਤੇ ਸਭ ਦਾ ਨਿਵਾਸੀ ਹੈ। ਅਸ਼ਚਰਜ ਸਮੱਗਰੀ ਵਾਲਾ ਅਤੇ ਅਹੰਕਾਰੀਆਂ ਉੱਤੇ ਕਹਿਰ ਲਿਆਉਣ ਵਾਲਾ ਹੈ। ਹਰਤਾ, ਕਰਤਾ, ਕਰੀਮ, ਅਤੇ ਰਹੀਮ ਹੈ॥੧੯੮॥

**ਚਤ੍ਰ ਚਕ੍ਰ ਵਰਤੀ ਚਤ੍ਰ ਚਕ੍ਰ ਭੁਗਤੇ॥ ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ॥**
**ਦੁਕਾਲੰ ਪ੍ਰਣਾਸੀ ਦਯਾਲੰ ਸਰੂਪੇ॥ ਸਦਾ ਅੰਗ ਸੰਗੇ ਅਭੰਗੰ ਬਿਭੂਤੇ॥੧੯੯॥**[੧]

*ਭਾਵਾਰਥ:-* ਜੋ (ਚਤ੍ਰ ਚਕ੍ਰ) ਸਭ ਪਾਸੇ (ਵਰਤੀ) ਵਿਆਪਕ, ਸਭ ਪਾਸਿਆਂ ਨੂੰ ਭੋਗਣ ਵਾਲਾ ਹੈ। ਆਪਣੇ ਆਪ ਹੀ ਪੈਦਾ ਹੋਣ ਵਾਲਾ (ਸੁਭੰ) ਕਲਿਆਣ ਰੂਪ, ਸਦਾ ਹੀ ਸਾਰਿਆਂ ਨਾਲ ਜੁੜਿਆ ਹੋਇਆ। (ਦੁਕਾਲੰ) ਮੁਸ਼ਕਿਲ ਵੇਲੇ ਨੂੰ ਨਾਸ ਕਰਨ ਵਾਲਾ, ਮਿਹਰਬਾਨ ਰੂਪ ਹੈ। ਹਮੇਸ਼ਾ ਹੀ ਅੰਗ ਸੰਗ (ਨਾਲ ਹੀ ਨਾਲ) ਅਤੇ ਅਮਿੱਟ ਸਮੱਗਰੀ ਵਾਲਾ ਹੈ॥੧੯੯॥

---

[੧] ਸਹੀ ਰੀਤ ਨਾਲ ਵਿਚਾਰਿਆਂ ਜਾਪੁ ਦੇ ਕੁੱਲ ਛੰਦ ੧੯੧ ਸਾਬਤ ਹੁੰਦੇ ਹਨ ਪਰ ਅੰਞਾਣ ਲੇਖਕਾਂ ਵਲੋਂ ਲਿਖਿਆ ਹੋਇਆ ਹੋਣ ਦੀ ਵਜ੍ਹਾ ਨਾਲ ਹੀ ਗਿਣਤੀ ਵਧੀ ਹੋਈ ਹੈ। ਏਹੋ ਜਿਹੀ ਵਧੀ ਹੋਈ ਗਿਣਤੀ ਸ੍ਰੀ ਸਰਬਲੋਹ ਗ੍ਰੰਥ ਵਿੱਚ ਵੀ ਹੈ।